7

# ''ਕੀ ਤੁਸੀਂ ਖ਼ੁਦਾ ਨੂੰ ਕਬੂਲੇ ਜਾਣ ਯੋਗ ਬੰਦਗੀ ਕਰਦੇ ਹੋ?''

## I. ਕੀ ਤੁਸੀਂ ਬੰਦਗੀ ਖ਼ੁਦਾ ਦੀ ਮਰਜ਼ੀ ਮੁਤਾਬਿਕ ਕਰਦੇ ਹੋ ਜਿਵੇਂ ਖ਼ੁਦਾ ਚਾਹੁੰਦਾ ਹੈ?

1. ਬੰਦਗੀ ______________ ਨੂੰ ਕਬੂਲੇ ਜਾਣ ਯੋਗ ਹੋਣੀ ਚਾਹੀਦੀ ਹੈ। 1 ਪਤਰਸ 2:5
2. ਬੰਦਗੀ ___________ ਅਤੇ _______ ਨਾਲ ਹੋਣੀ ਚਾਹੀਦੀ ਹੈ। ਯੂਹੰਨਾ 4:24
3. ਸਚਿਆਈ _____________ ਦੇ ਰਾਹੀਂ ਪਹੁੰਚੀ। ਯੂਹੰਨਾ 1:17
4. ਰਸੂਲਾਂ ਨੂੰ ______________ ਸਚਿਆਈ ਦਾ ਰਾਹ ਦੱਸਿਆ ਗਿਆ ਸੀ। ਯੂਹੰਨਾ 16:13
5. ਉਨ੍ਹਾਂ ਨੇ ਉਹ ਸਾਰੀਆਂ ਗੱਲਾਂ ਸਿਖਾਉਣੀਆਂ ਸਨ ਜਿਨ੍ਹਾਂ ਦਾ ____________ ਨੇ ਹੁਕਮ ਦਿੱਤਾ ਸੀ। ਮੱਤੀ 28:18–20

## II. ਕੀ ਤੁਸੀਂ ਉਹੀ ਕਰਦੇ ਹੋ ਜੋ ਖ਼ੁਦਾ ਨੂੰ ਪਸੰਦ ਨਹੀਂ?

1. ਮਨੁੱਖਾਂ ਦੇ ਹੁਕਮਾਂ ਨਾਲ ਕੀਤੀ ਗਈ ਬੰਦਗੀ __________ਹੈ। ਮਰਕੁਸ 7:7
2. __________ ਦੀਆਂ ਰੀਤਾਂ ਨੂੰ ਮੰਨਣ ਨਾਲ ਖ਼ੁਦਾ ਦੇ ਹੁਕਮ ਟਲ ਜਾਂਦੇ ਹਨ। ਮਰਕੁਸ 7:8
3. ਮਨੁੱਖਾਂ ਦੀਆਂ ਰੀਤਾਂ ਨਾਲ ਖ਼ੁਦਾ ਦਾ ਵਚਨ _____________ ਹੋ ਜਾਂਦਾ ਹੈ। ਮਰਕੁਸ 7:13
4. ਮਨੁੱਖਾਂ ਦੀ ਰੀਤ ਸਾਨੂੰ _________ ਸੱਦਦੀ ਹੈ, ਕਿਉਂਕਿ ਇਹ ____________ ਦੇ ਅਨੁਸਾਰ ਨਹੀਂ। ਕੁਲੁੱਸੀਆਂ 2:8
5. ਮਨੁੱਖਾਂ ਦੇ ਹੁਕਮਾਂ ਤੇ ਚਿੱਤ ਲਾਉਣ ਵਾਲਾ _____________ ਤੋਂ ਭਟਕ ਜਾਂਦਾ ਹੈ। ਤੀਤੁਸ 1:14

## III. ਤੁਸੀ ਕਿਸ ਦੀ ਵਰਤੋਂ ਕਰਦੇ ਹੋ, ਮਸੀਹ ਦੀ ਸਿੱਖਿਆ ਦੀ ਜਾਂ ਮਨੁੱਖਾਂ ਦੀ?

| ਮਸੀਹ ਦੀ | | ਮਨੁੱਖਾਂ ਦੀ |
|---|---|---|
| __________ | ਲੂਕਾ 18:1 | __________ |
| __________ | 1 ਤਿਮੋਥਿਉਸ 2:5 | __________ |
| __________ | ਲੂਕਾ 6:38 | __________ |
| __________ | 1 ਕੁਰਿੰਥੀਆਂ 16:2 | __________ |
| __________ | 1 ਕੁਰਿੰਥੀਆਂ 11:23–26 | __________ |
| __________ | ਰਸੂਲਾਂ ਦੇ ਕੰਮ 20:7 | __________ |


______ ਅਫ਼ਸੀਆਂ 5:19 ______

______ 2 ਤਿਮੋਥਿਉਸ 2:2 ______

## IV. ਤੁਸੀਂ ਵਚਨ ਵਿਚ ਵਧਾਇਆ ਹੈ ਜਾਂ ਘਟਾਇਆ ਹੈ?

1. ਸਾਨੂੰ ਵਚਨ ਵਿਚ ______ ਜਾਂ ______ ਦਾ ਅਖ਼ਤਿਆਰ ਨਹੀਂ ਹੈ। ਪ੍ਰਕਾਸ਼ ਦੀ ਪੋਥੀ 22:18, 19
2. ਜਿਹੜਾ ਕੋਈ ______ ਅਤੇ ______ ਦੀ ਸਿੱਖਿਆ ਵਿਚ ਕਾਇਮ ਨਹੀਂ ਰਹਿੰਦਾ ਹੈ, ਉਸ ਦੇ ਕੋਲ ______ ਨਹੀਂ। 2 ਯੂਹੰਨਾ 9

Copyright 1992 - Gospel Light Pub. Co., Delight, AR 71940



# 7

# ''ਕੀ ਤੁਸੀਂ ਖ਼ੁਦਾ ਨੂੰ ਕਬੂਲੇ ਜਾਣ ਯੋਗ ਬੰਦਗੀ ਕਰਦੇ ਹੋ?''

''ਕੀ ਤੁਸੀਂ ਖ਼ੁਦਾ ਨੂੰ ਕਬੂਲੇ ਜਾਣ ਯੋਗ ਬੰਦਗੀ ਕਰਦੇ ਹੋ'?'' ਅਧਿਐਨ ਸ਼ੀਟ ਦਾ ਅਧਿਐਨ ''ਕਲੀਸੀਆ'' ਵਾਲੀ ਅਧਿਐਨ ਸ਼ੀਟ (ਪਾਠ 5) ਜਾਂ ''ਸੰਗਠਨ'' ਵਾਲੀ ਅਧਿਐਨ ਸ਼ੀਟ (ਪਾਠ 6) ਦੇ ਬਾਅਦ ਕੀਤਾ ਜਾ ਸਕਦਾ ਹੈ। ਸਿਖਾਉਣ ਵਾਲੇ ਨੂੰ ਚਾਹੀਦਾ ਹੈ ਕਿ ਸ਼ੁਰੂਆਤ ਕਰਨ ਲਈ ਇਸ ਅਧਿਐਨ ਸ਼ੀਟ ਦੀ ਵਰਤੋਂ ਨਾ ਕਰੇ।

**ਮਕਸਦ**

''ਬੰਦਗੀ'' ਵਾਲੀ ਇਸ ਅਧਿਐਨ ਸ਼ੀਟ ਦਾ ਮੁੱਖ ਉਦੇਸ਼ ਉਸ ਬੰਦਗੀ ਤੇ ਚਰਚਾ ਕਰਨਾ ਹੈ ਜੋ ਕਲੀਸੀਆ ਦਾ ਸਿਰ ਯਿਸੂ ਆਪਣੀ ਕਲੀਸੀਆ ਤੋਂ ਚਾਹੁੰਦਾ ਹੈ।

**ਸੰਖੇਪ ਵਿਚ ਪਾਠ**

ਇਸ ਅਧਿਐਨ ਸ਼ੀਟ ਵਿਚ ਇਹ ਵਿਖਾਇਆ ਗਿਆ ਹੈ ਕਿ ਮਨੁੱਖ ਦੇ ਮੰਨਣ ਲਈ ਜੋ ਸਚਿਆਈ ਖ਼ੁਦਾ ਚਾਹੁੰਦਾ ਹੈ ਯਿਸੂ ਨੇ ਉਹ ਨਵੇਂ ਨੇਮ ਦੇ ਰਸੂਲਾਂ ਅਤੇ ਨਬੀਆਂ ਨੂੰ ਪਵਿੱਤਰ ਆਤਮਾ ਦੇ ਰਾਹੀਂ ਦਿੱਤੀ ਹੈ, ਅਤੇ ਉਸ ਨੂੰ ਨਵੇਂ ਨੇਮ ਵਿਚ ਲਿਖ ਦਿੱਤਾ ਗਿਆ ਹੈ। ਖ਼ੁਦਾ ਦੀ ਬੰਦਗੀ ਕਰਨ ਵੇਲੇ ਇਸੇ ਸੱਚਾਈ ਨੂੰ ਮੰਨਣਾ ਚਾਹੀਦਾ ਹੈ। ਮਨੁੱਖਾਂ ਦੀਆਂ ਬਣਾਈਆਂ ਹੋਈਆਂ ਰੀਤਾਂ ਅਤੇ ਉਨ੍ਹਾਂ ਦੇ ਹੁਕਮਾਂ ਨੂੰ ਠੁਕਰਾਉਣਾ ਚਾਹੀਦਾ ਹੈ ਅਤੇ ਖ਼ੁਦਾ ਦੀ ਬੰਦਗੀ ਵਿਚ ਸਿਰਫ਼ ਉਸੇ ਸੱਚਾਈ ਨੂੰ ਮੰਨਣਾ ਚਾਹੀਦਾ ਹੈ ਜੋ ਸਾਨੂੰ ਯਿਸੂ ਵੱਲੋਂ ਮਿਲੀ ਹੈ।

**ਜਾਣ-ਪਛਾਣ**

[ਸਿਖਾਉਣ ਵਾਲਾ ਵਿਦਿਆਰਥੀ ਨੂੰ ਇਸ ਪਾਠ ਲਈ ਤਿਆਰ ਕਰਨ ਲਈ ਬੰਦਗੀ, ਬੰਦਗੀ ਦੇ ਮਕਸਦ ਅਤੇ ਬੰਦਗੀ ਵਿਚ ਮਹੱਤਵ ਕਿਸ ਨੂੰ ਦਿੱਤਾ ਜਾਣਾ ਚਾਹੀਦਾ ਹੈ, ਤੇ ਚਰਚਾ ਕਰਕੇ ਪਾਠ ਦੀ ਜਾਣ–ਪਛਾਣ ਕਰਵਾ ਸਕਦਾ ਹੈ।]

ਬੰਦਗੀ ਦਾ ਕੇਂਦਰ ਖ਼ੁਦਾ ਹੈ। ਇਨਸਾਨ ਬੰਦਗੀ ਦਾ ਕੇਂਦਰ ਨਹੀਂ। ਬੰਦਗੀ ਆਪਣੇ ਸਿਰਜਣਹਾਰ ਦਾ ਆਦਰ, ਵਡਿਆਈ, ਤਾਰੀਫ਼ ਅਤੇ ਸਤਿਕਾਰ ਦੀ ਕੋਸ਼ਿਸ਼ ਹੋਣੀ ਚਾਹੀਦੀ ਹੈ। ਬੰਦਗੀ ਜ਼ਿੰਦਗੀ ਵਿਚ ਖ਼ੁਦਾ ਦੇ ਰੋਜ਼ ਚੱਲਣ ਵੱਲ ਪਿੱਛੇ ਨੂੰ ਵੇਖਦੇ ਹੋਏ ਉਨ੍ਹਾਂ ਕੰਮਾਂ ਤੇ ਗੌਰ ਹੋਣਾ ਚਾਹੀਦਾ ਹੈ ਜੋ ਖ਼ੁਦਾ ਨੇ ਸਾਡੇ ਲਈ ਕੀਤੇ ਹਨ। ਇਹ ਵਿਚਾਰ ਕਰਦਿਆਂ ਕਿ ਖ਼ੁਦਾ ਨੇ

ਸਾਡੇ ਲਈ ਕੀ ਕੀਤਾ ਹੈ ਸਾਡੇ ਮਨ ਸ਼ੁਕਰਗੁਜ਼ਾਰੀ ਅਤੇ ਵਡਿਆਈ ਨਾਲ ਖ਼ੁਦਾ ਵੱਲ ਲੱਗੇ ਹੋਣੇ ਚਾਹੀਦੇ ਹਨ।

ਸਾਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਜੋ ਕੁਝ ਅਸੀਂ ਬੰਦਗੀ ਵਿਚ ਕਰ ਰਹੇ ਹਾਂ ਉਸ ਨਾਲ ਉਸ ਪ੍ਰਤੀ ਸਾਡੇ ਸਮਰਪਣ ਅਤੇ ਸਨਮਾਨ ਦਾ ਪਤਾ ਲੱਗੇਗਾ। ਕਹਿੰਦੇ ਹਨ ਕਿ ਜਾਰਜ ਵਾਸ਼ਿੰਗਟਨ ਨੇ ਆਪਣੇ ਫ਼ੌਜੀ ਅਫ਼ਸਰਾਂ ਨੂੰ ਦਲੇਰ ਕਰਨ ਨਾਲ ਗੰਦੀ ਭਾਸ਼ਾ ਦੀ ਵਰਤੋਂ ਕਰਨ ਵਾਲਿਆਂ ਨੂੰ ਝਿੜਕਣ ਦਾ ਹੁਕਮ ਦਿੱਤਾ। ਉਸ ਦਾ ਕਾਰਣ ਇਹ ਸੀ ਕਿ ਜਿਸ ਜੀਭ ਦੀ ਵਰਤੋਂ ਖ਼ੁਦਾ ਕੋਲੋਂ ਮਦਦ ਲਈ ਪੁਕਾਰਨ ਵਾਸਤੇ ਕੀਤੀ ਜਾਂਦੀ ਹੈ ਉਸ ਦੀ ਵਰਤੋਂ ਉਸ ਦੀ ਬਦਨਾਮੀ ਲਈ ਨਹੀਂ ਹੋਣੀ ਚਾਹੀਦੀ। ਜੇ ਉਹ ਅਜਿਹੀ ਭਾਸ਼ਾ ਦੀ ਵਰਤੋਂ ਕਰਕੇ ਜੋ ਖ਼ੁਦਾ ਦੀ ਬਦਨਾਮੀ ਕਰਨ ਵਾਲੀ ਹੋਵੇ ਉਸ ਪ੍ਰਤੀ ਨਿਰਾਦਰ ਵਿਖਾਉਂਦਾ ਹੈ ਤਾਂ ਉਸ ਕੋਲੋਂ ਬਰਕਤ ਪਾਉਣ ਦੀ ਉਮੀਦ ਕਿਵੇਂ ਕਰ ਸਕਦੇ ਹਨ। ਇਸੇ ਤਰ੍ਹਾਂ ਖ਼ੁਦਾ ਦੀ ਬੰਦਗੀ ਕਰਨ ਦੀ ਸਾਡੀ ਕੋਸ਼ਿਸ਼ ਬੰਦਗੀ ਕਰਨ ਵਾਲਿਆਂ ਵਿਚ ਅਜਿਹੀਆਂ ਗੱਲਾਂ ਦੀ ਕੋਸ਼ਿਸ਼ ਕਰਕੇ ਨਹੀਂ ਮਿਲੀ ਹੋਣੀ ਚਾਹੀਦੀ ਹੈ ਜਿਨ੍ਹਾਂ ਦੀ ਖ਼ੁਦਾ ਨੇ ਮੰਗ ਨਹੀਂ ਕੀਤੀ ਸੀ।

**I. ਖ਼ੁਦਾ ਕੀ ਚਾਹੁੰਦਾ ਹੈ**

1. ਭਲਾ ਖ਼ੁਦਾ ਨੇ ਇਹ ਚੁਣਿਆ ਹੈ ਕਿ ਬੰਦਗੀ ਵਿਚ ਕੀ ਵਰਤਿਆ ਜਾਵੇ? ਖ਼ੁਦਾ ਮਨੁੱਖ ਤੋਂ ਬੰਦਗੀ ਵਿਚ ਕੀ ਕਰਨ ਦੀ ਇੱਛਾ ਕਰਦਾ ਹੈ? [1 ਪਤਰਸ 2:5 ਪੜ੍ਹੋ।] ਕਬੂਲੇ ਜਾਣ ਯੋਗ ਬੰਦਗੀ *ਕਿਸ ਦੀ* ਹੋਣੀ ਚਾਹੀਦੀ ਹੈ [ਖਾਲੀ ਥਾਂ ਵਿਚ ''ਖ਼ੁਦਾ'' ਭਰੋ।] ਸਵਾਲ ਇਹ ਨਹੀਂ ਹੈ ਕਿ ਬੰਦਗੀ ਵਿਚ ਵਰਤੀਆਂ ਜਾਣ ਵਾਲੀਆਂ ਚੀਜ਼ਾਂ ਲੋਕਾਂ ਨੂੰ ਮਨਜ਼ੂਰ ਹਨ ਜਾਂ ਨਹੀਂ, ਕਿਉਂਕਿ ਬੰਦਗੀ ਆਦਮੀ ਦੀ ਨਹੀਂ ਹੈ। ਬੰਦਗੀ ਵਿਚ ਸਾਨੂੰ ਮਨੁੱਖ ਨੂੰ ਨਹੀਂ ਬਲਕਿ ਖ਼ੁਦਾ ਨੂੰ ਖੁਸ਼ ਕਰਨ ਦੀ ਇੱਛਾ ਕਰਨੀ ਚਾਹੀਦੀ ਹੈ। ਜਿੱਥੋਂ ਤਕ ਮਨੁੱਖ ਦੀ ਗੱਲ ਹੈ ਅਸੀਂ ਕੁਝ ਬੜੇ ਹੀ ਜ਼ਬਰਦਸਤ ਕੰਮ ਤਿਆਰ ਕਰਨ ਦੇ ਕਾਬਲ ਹਾਂ, ਪਰ ਉਨ੍ਹਾਂ ਤੇ ਵਿਚਾਰ ਕਰਨ ਦੀ ਲੋੜ ਨਹੀਂ ਹੈ। ਬੰਦਗੀ ਵਿਚ ਸਾਡੀ ਕੋਸ਼ਿਸ਼ ਖ਼ੁਦਾ ਨੂੰ ਖੁਸ਼ ਕਰਨ ਦੀ ਹੀ ਹੋਣੀ ਚਾਹੀਦੀ ਹੈ।

2. ਬੰਦਗੀ ਬਾਰੇ ਯਿਸੂ ਨੇ ਕੀ ਕਿਹਾ ਸੀ? ਪੁਰਾਣੇ ਨੇਮ ਦੀ ਬੰਦਗੀ ਦੇ ਖ਼ਤਮ ਹੋ ਜਾਣ ਦੇ ਬਾਅਦ ਯਿਸੂ ਨੇ ਚੇਲਿਆਂ ਜਾਂ ਉਸ ਦੇ ਪਿੱਛੇ ਚੱਲਣ ਵਾਲਿਆਂ ਨੂੰ ਦੱਸਿਆ ਕਿ ਬੰਦਗੀ ਕਿਵੇਂ ਕਰਨੀ ਚਾਹੀਦੀ ਹੈ? [ਯੂਹੰਨਾ 4:23, 24 ਪੜ੍ਹੋ।] ਮਸੀਹੀ ਲੋਕਾਂ ਨੂੰ ਬੰਦਗੀ *ਕਿਵੇਂ* ਕਰਨੀ ਚਾਹੀਦੀ ਹੈ [ਖਾਲੀ ਥਾਂ ਵਿਚ ''ਆਤਮਾ'' ਅਤੇ ''ਸਚਿਆਈ'' ਭਰੋ।]

''ਆਤਮਾ'' ਤੋਂ ਯਿਸੂ ਦਾ ਭਾਵ ਜ਼ਰੂਰ ਇਹੀ ਹੋਵੇਗਾ ਕਿ ਬੰਦਗੀ ਵਿਚ ਮਨੁੱਖ ਦਾ ਮਨ ਲੱਗਾ ਹੋਣਾ ਜ਼ਰੂਰੀ ਹੈ। ਬੰਦਗੀ ਸਿਰਫ਼ ਉੱਪਰੋਂ–ਉੱਪਰੋਂ ਕਰਨਾ ਅਤੇ ਰੂਹਾਨੀ ਤੌਰ ਤੇ ਉਸ ਵਿਚ ਸ਼ਾਮਿਲ ਨਾ ਹੋਣਾ ਕਾਫ਼ੀ ਨਹੀਂ ਹੈ। ਹੋ ਸਕਦਾ ਹੈ ਕਿ ਕੋਈ ''ਮੇਰੇ ਯਿਸੂ, ਮੈਂ ਤੁਹਾਨੂੰ ਪਿਆਰ ਕਰਦਾ ਹਾਂ'' ਵਰਗਾ ਗੀਤ ਗਾਉਂਦਾ ਹੋਇਆ ਵੀ ਆਪਣੇ ਕੰਮ, ਮਨ ਪਰਚਾਵੇ ਆਦਿ ਦੇ ਵਿਚਾਰ ਮਨ ਵਿਚ ਲਿਆ ਰਿਹਾ ਹੋਵੇ ਅਤੇ ਉਸ ਨੇ ਦਿਲੋਂ ''ਮੇਰੇ ਯਿਸੂ, ਮੈਂ ਤੈਨੂੰ ਪਿਆਰ ਕਰਦਾ ਹਾਂ'' ਨਾ ਕਿਹਾ ਹੋਵੇ, ਇਸ ਤਰ੍ਹਾਂ ਉਹ ਬੰਦਗੀ ਨਹੀਂ ਕਰ ਰਿਹਾ ਹੈ। ਉਸ ਦੀ ਬੰਦਗੀ ਆਤਮਾ ਜਾਂ ਰੂਹ ਨਾਲ ਨਹੀਂ ਹੈ।

ਬੰਦਗੀ ਰੂਹ ਨਾਲ ਹੀ ਨਹੀਂ, ਸੱਚਾਈ ਨਾਲ ਵੀ ਹੋਣੀ ਜ਼ਰੂਰੀ ਹੈ। ''ਰੂਹ'' ਸਾਰ ਹੈ ਤਾਂ ''ਸਚਿਆਈ'' ਇਸ ਦਾ ਅਕਾਰ ਹੈ। ਕੋਈ ਪੀਣ ਲਈ ਪਾਣੀ ਮੰਗੇ, ਤਾਂ ਉਹਦੇ ਕਹਿਣ ਤੋਂ

ਭਾਵ ਉਹ ਭਾਂਡਾ ਵੀ ਹੁੰਦਾ ਹੈ ਜਿਸ ਵਿਚ ਪਾਣੀ ਦਿੱਤਾ ਜਾਣਾ ਹੈ। ਕੋਈ ਬਾਗ਼ ਦੇ ਚਬੱਚੇ ਦਾ ਨਾਲਾ ਖੋਲ੍ਹ ਕੇ ਉਸ ਵੱਲ ਪਾਣੀ ਭੇਜ ਕੇ ਕਹਿ ਸਕਦਾ ਹੈ, ''ਪਾਣੀ ਆ ਗਿਆ! ਪੀ ਲਓ!'' ਇਸ ਵਿਚ *ਸਾਰ* ਤਾਂ ਹੋਵੇਗਾ, ਪਰ ਅਕਾਰ ਗਲਤ ਹੋਵੇਗਾ। ਇਸ ਤਰ੍ਹਾਂ ਕੋਈ ਬੰਦਗੀ ਵਿਚ ਖ਼ੁਦਾ ਤਕ ਆ ਸਕਦਾ ਹੈ, ਪਰ ਉਸ ਅਕਾਰ ਦੀ ਵਰਤੋਂ ਕਰਨ ਵਿਚ ਨਾਕਾਮ ਹੋ ਸਕਦਾ ਹੈ ਜੋ ਖ਼ੁਦਾ ਨੂੰ ਭਾਉਂਦਾ ਹੈ।

3. ਭਲਾ ਖ਼ੁਦਾ ਨੇ ਸਚਿਆਈ ਜ਼ਾਹਿਰ ਕੀਤੀ ਹੈ? ਜੇ ਉਸ ਨੇ ਸਚਿਆਈ ਜ਼ਾਹਿਰ ਕਰ ਦਿੱਤੀ ਹੈ ਤਾਂ ਇਹ ਕਿੱਥੇ ਮਿਲ ਸਕਦੀ ਹੈ? [ਯੂਹੰਨਾ 1:17 ਪੜ੍ਹੋ।] ਖ਼ੁਦਾ ਨੇ ਸਚਿਆਈ *ਕਿਸ ਦੇ* ਰਾਹੀਂ ਜ਼ਾਹਿਰ ਕੀਤੀ ਹੈ? [ਖਾਲੀ ਥਾਂ ਵਿਚ ''ਯਿਸੂ ਮਸੀਹ'' ਭਰੋ।] ਸਚਿਆਈ ਸਿਰਫ਼ ਯਿਸੂ ਵਿਚ ਹੈ (ਅਫ਼ਸੀਆਂ 4:21)। ਸਚਿਆਈ ਉਸ ਸ਼ਰ੍ਹਾ ਵਿਚ ਨਹੀਂ ਹੈ ਜਿਹੜੀ ਮੂਸਾ ਦੇ ਰਾਹੀਂ ਪਹੁੰਚੀ ਹੈ। ਸ਼ਰ੍ਹਾ ਤਾਂ ਇਕ ਪਰਛਾਂਵਾਂ ਹੈ (ਇਬਰਾਨੀਆਂ 10:1)। ਹੁਣ ਜਦ ਕਿ ਸਚਿਆਈ ਆ ਚੁੱਕੀ ਹੈ ਤਾਂ ਅਸੀਂ ਪਰਛਾਵੇਂ ਭਾਵ ਸ਼ਰ੍ਹਾ ਦੇ ਅਧੀਨ ਨਹੀਂ ਹਾਂ (ਗਲਾਤੀਆਂ 3:24, 25; ਅਫ਼ਸੀਆਂ 2:14, 15; ਇਬਰਾਨੀਆਂ 7:18, 19)। ਉਹ ਗੱਲਾਂ ਜਿਨ੍ਹਾਂ ਦੀ ਵਰਤੋਂ ਬੰਦਗੀ ਵਿਚ ਪੁਰਾਣੇ ਨੇਮ ਵੇਲੇ ਹੁੰਦੀ ਸੀ ਉਨ੍ਹਾਂ ਦੀ ਵਰਤੋਂ ਮਸੀਹੀ ਲੋਕਾਂ ਵੱਲੋਂ ਤਦ ਤਕ ਨਹੀਂ ਕੀਤੀ ਜਾਂਦੀ ਜਦ ਤਕ ਯਿਸੂ ਮਸੀਹ ਦੇ ਰਾਹੀਂ ਪਹੁੰਚੀ ਸਚਿਆਈ ਨਾ ਹੋਵੇ।

4. ਯਿਸੂ ਨੇ ਕਿੰਨੀ ਸਚਿਆਈ ਜ਼ਾਹਿਰ ਕੀਤੀ? [ਯੂਹੰਨਾ 16:13 ਪੜ੍ਹੋ।] ਰਸੂਲਾਂ ਨੂੰ ਪਵਿੱਤਰ ਆਤਮਾ ਦੇ ਰਾਹੀਂ ਕਿੰਨੀ ਸਚਿਆਈ ਮਿਲੀ? [ਖਾਲੀ ਥਾਂ ਵਿਚ ''ਸਾਰੀ'' ਭਰੋ।] ਰਸੂਲਾਂ ਨੂੰ ਉਹ ਸਾਰੀ ਸਚਿਆਈ ਦਿੱਤੀ ਗਈ ਸੀ ਜਿਹੜੀ ਯਿਸੂ ਇਨਸਾਨ ਤੇ ਜ਼ਾਹਿਰ ਕਰਨਾ ਚਾਹੁੰਦਾ ਹੈ। ਜੇ ਕੋਈ ਅਜਿਹੀ ਸਿੱਖਿਆ ਦਿੱਤੀ ਜਾ ਰਹੀ ਹੈ ਜੋ ਰਸੂਲਾਂ ਨੇ ਨਹੀਂ ਦਿੱਤੀ ਸੀ, ਤਾਂ ਇਹ ਉਸ ਸਚਿਆਈ ਦਾ ਹਿੱਸਾ ਨਹੀਂ ਹੈ ਜਿਹੜੀ ਯਿਸੂ ਮਸੀਹ ਵੱਲੋਂ ਦਿੱਤੀ ਗਈ ਸੀ।

[*ਪਿਛਲੇ ਪਾਸੇ* ਸਭ ਤੋਂ ਉੱਪਰ ''ਯਿਸੂ'' ਲਿਖੋ, ਫਿਰ ''ਪਵਿੱਤਰ ਆਤਮਾ,'' ਅਤੇ ਫਿਰ ''ਰਸੂਲ ਅਤੇ ਨਬੀ।'' ਉਸ ਦੇ ਹੇਠਾਂ ਇਕ ਚੱਕਰ ਬਣਾਓ ਅਤੇ ਉਸ ਵਿਚ ''ਸਾਰੀ ਸਚਿਆਈ'' ਲਿਖੋ। ਵੇਖੋ ਸਫ਼ਾ 179।] ਕਲੀਸੀਆ ਦੇ ਸਿਰ ਯਿਸੂ ਨੇ ਨਵੇਂ ਨੇਮ ਦੇ ਰਸੂਲਾਂ ਅਤੇ ਨਬੀਆਂ ਤੇ ਸਾਰੀ ਸਚਿਆਈ ਜ਼ਾਹਿਰ ਕਰ ਦਿੱਤੀ ਹੈ। ਜੇ ਉਨ੍ਹਾਂ ਨੇ ਸਿਖਾਇਆ ਕਿ ਕਿਸੇ ਰਵਾਇਤ ਨੂੰ ਮੰਨਿਆ ਜਾਣਾ ਚਾਹੀਦਾ ਹੈ ਤਾਂ ਉਹ ਯਿਸੂ ਵੱਲੋਂ ਸੀ ਅਤੇ ਯਿਸੂ ਨੇ ਉਸ ਤੇ ਆਪਣੀ ਮੋਹਰ ਲਾ ਦਿੱਤੀ (ਮੱਤੀ 18:18) ਹੈ।

5. ਯਿਸੂ ਨੇ ਸੁਰਗ ਵਿਚ ਜਾਣ ਤੋਂ ਥੋੜ੍ਹੀ ਦੇਰ ਪਹਿਲਾਂ ਰਸੂਲਾਂ ਨੂੰ ਹੁਕਮ ਦਿੱਤਾ। ਉਸ ਨੇ ਉਨ੍ਹਾਂ ਨੂੰ ਦੁਨੀਆਂ ਦੀਆਂ ਸਭ ਕੌਮਾਂ ਵਿਚ ਜਾ ਕੇ ਚੇਲੇ ਬਣਾਉਣ ਅਤੇ ਉਨ੍ਹਾਂ ਨੂੰ ਬਪਤਿਸਮਾ ਦੇਣ ਦਾ ਹੁਕਮ ਦਿੱਤਾ, ਜਿਸ ਦੇ ਬਾਅਦ ਉਨ੍ਹਾਂ ਨੇ ਉਹ ਸਭ ਗੱਲਾਂ ਮੰਨਣੀਆਂ ਸਿਖਾਉਣੀਆਂ ਸਨ ਜੋ ਯਿਸੂ ਨੇ ਉਨ੍ਹਾਂ ਨੂੰ ਸਿਖਾਈਆਂ ਸਨ। ਉਨ੍ਹਾਂ ਨੇ ਨਵੇਂ ਮਸੀਹੀਆਂ ਨੂੰ ਜੋ ਗੱਲਾਂ ਮੰਨਣੀਆਂ ਸਿਖਾਉਣੀਆਂ ਸਨ ਉਨ੍ਹਾਂ ਦਾ ਹੁਕਮ ਕਿਸ ਨੇ ਦਿੱਤਾ ਸੀ? [ਮੱਤੀ 28:20 ਪੜ੍ਹੋ।] ਉਨ੍ਹਾਂ ਨੂੰ ਇਹ ਗੱਲਾਂ ਸਿਖਾਉਣ ਦਾ ਹੁਕਮ *ਕਿਸ* ਨੇ ਦਿੱਤਾ ਸੀ [ਖਾਲੀ ਥਾਂ ਵਿਚ ''ਯਿਸੂ'' ਭਰੋ।]

ਯਿਸੂ ਦਾ ਇਹ ਹੁਕਮ ਵਿਆਪਕ ਵੀ ਸੀ ਅਤੇ ਖਾਸ ਵੀ। ਯਿਸੂ ਦੀ ਸਿੱਖਿਆ ਵਿੱਚੋਂ ਘੱਟ ਸਿਖਾਉਣ, ਅਤੇ ਯਿਸੂ ਵੱਲੋਂ ਦਿੱਤੀ ਸਿੱਖਿਆ ਤੋਂ ਵੱਧ ਸਿਖਾਉਣ ਦਾ ਮਤਲਬ ਹੋਣਾ ਸੀ ਕਿ ਯਿਸੂ ਦੀ ਸਿੱਖਿਆ ਨੂੰ ਨਹੀਂ ਮੰਨਿਆ ਜਾ ਰਿਹਾ ਹੈ। ਇਹ ਤਾਂ ਉਨ੍ਹਾਂ ਨੂੰ ਉਨ੍ਹਾਂ ਗੱਲਾਂ ਦੀ ਪਾਲਨਾ ਕਰਨਾ ਸਿਖਾਉਣਾ ਹੋਣਾ ਸੀ ਜਿਹੜੀਆਂ ਉਨ੍ਹਾਂ ਨੂੰ ਯਿਸੂ ਦੇ ਇਲਾਵਾ ਕਿਸੇ ਹੋਰ ਨੇ ਸਿਖਾਈਆਂ

ਹੋਣ। ਯਿਸੂ ਦਾ ਹੁਕਮ ਮੰਨਣ ਲਈ, ਉਨ੍ਹਾਂ ਲਈ ਯਿਸੂ ਦੇ ਪਿੱਛੇ ਚੱਲਣ ਵਾਲਿਆਂ ਨੂੰ ਉਹ ਸਭ ਮੰਨਣਾ ਅਤੇ ਸਿਖਾਉਣਾ ਜ਼ਰੂਰੀ ਸੀ ਜਿਹੜੀਆਂ ਯਿਸੂ ਨੇ ਉਨ੍ਹਾਂ ਨੂੰ ਦੱਸੀਆਂ ਸਨ, ਨਾ ਉਨ੍ਹਾਂ ਤੋਂ ਘੱਟ ਅਤੇ ਨਾ ਉਨ੍ਹਾਂ ਤੋਂ ਵੱਧ।

ਅਸੀਂ ਇਸ ਭਾਗ ਵਿਚ ਕੀ ਸਿੱਖਿਆ ਹੈ? ਅਸੀਂ ਸਿੱਖਿਆ ਹੈ ਕਿ ਖ਼ੁਦਾ ਨੂੰ ਕਬੂਲੇ ਜਾਣ ਯੋਗ ਬੰਦਗੀ ਉਹੀ ਹੈ ਜੋ ਰੂਹ ਅਤੇ ਸਚਿਆਈ ਨਾਲ ਕੀਤੀ ਜਾਂਦੀ ਹੈ। ਯਿਸੂ ਨੇ ਰਸੂਲਾਂ ਅਤੇ ਨਬੀਆਂ ਦੇ ਰਾਹੀਂ ਸਾਰੀ ਸਚਿਆਈ ਦੱਸ ਦਿੱਤੀ ਹੈ। ਯਿਸੂ ਦੇ ਚੇਲਿਆਂ ਨੂੰ ਬੰਦਗੀ ਵਿਚ ਉਸ ਸਚਿਆਈ ਦੀ ਵਰਤੋਂ ਕਰਨੀ ਚਾਹੀਦੀ ਹੈ ਜਿਹੜੀ ਉਸ ਨੇ ਇਨ੍ਹਾਂ ਰਸੂਲਾਂ ਅਤੇ ਨਬੀਆਂ ਦੇ ਰਾਹੀਂ ਦਿੱਤੀ ਸੀ।

## II. ਖ਼ੁਦਾ ਕਿਸ ਨੂੰ ਕਬੂਲ ਨਹੀਂ ਕਰਦਾ

ਭਲਾ ਖ਼ੁਦਾ ਮਨੁੱਖ ਵੱਲੋਂ ਬੰਦਗੀ ਵਿਚ ਕੀਤੀ ਗਈ ਕਿਸੇ ਵੀ ਗੱਲ ਨੂੰ ਕਬੂਲ ਕਰ ਲੈਂਦਾ ਹੈ? ਕੀ ਮਨੁੱਖ ਨੂੰ ਆਪਣੀ ਇੱਛਾ ਨਾਲ ਬੰਦਗੀ ਵਿਚ ਕੁਝ ਵੀ ਕਰਨ ਦਾ ਅਖ਼ਤਿਆਰ ਦਿੱਤਾ ਗਿਆ ਹੈ?

1. ਉਨ੍ਹਾਂ ਗੱਲਾਂ ਬਾਰੇ ਕੀ ਕਿਹਾ ਜਾ ਸਕਦਾ ਹੈ ਜਿਨ੍ਹਾਂ ਦਾ ਹੁਕਮ ਖ਼ੁਦਾ ਨੇ ਨਹੀਂ ਬਲਕਿ ਮਨੁੱਖ ਨੇ ਦਿੱਤਾ ਹੈ? ਕੀ ਖ਼ੁਦਾ ਉਸ ਬੰਦਗੀ ਨੂੰ ਮੰਨ ਲਵੇਗਾ ਜੋ ਖ਼ੁਦਾ ਦੇ ਨਹੀਂ ਬਲਕਿ ਮਨੁੱਖਾਂ ਦੇ ਹੁਕਮਾਂ ਤੇ ਅਧਾਰਿਤ ਹੈ? [ਮਰਕੁਸ 7:7 ਪੜ੍ਹੋ।] ਕੀ ਖ਼ੁਦਾ ਮਨੁੱਖ ਦੇ ਹੁਕਮਾਂ ਦੇ ਅਧਾਰ ਤੇ ਬੰਦਗੀ ਨੂੰ ਮਹੱਤਵ ਦਿੰਦਾ ਹੈ? [ਖਾਲੀ ਥਾਂ ਵਿਚ ''ਵਿਅਰਥ'' ਭਰੋ।] ''ਵਿਅਰਥ'' ਦਾ ਕੀ ਅਰਥ ਹੈ? ''ਵਿਅਰਥ'' ਦਾ ਅਰਥ ਹੈ ਅਰਥਹੀਣ, ਮਹੱਤਵਹੀਣ, ਅਯੋਗ, ਫਲਹੀਣ। ਮਨੁੱਖ ਦੇ ਹੁਕਮ ਨਾਲ ਇਨ੍ਹਾਂ ਗੱਲਾਂ ਦੀ ਵਰਤੋਂ ਕਰਕੇ ਖ਼ੁਦਾ ਦੀ ਬੰਦਗੀ ਕਰਨ ਦੀ ਇੱਛਾ ਕਰਨਾ ਖ਼ੁਦਾ ਦੀ ਨਜ਼ਰ ਵਿਚ ਫ਼ਜ਼ੂਲ ਹੈ।

2. ਬੰਦਗੀ ਦੇ ਸਿਰਫ਼ ਦੋ ਹੀ ਤਰੀਕੇ ਹਨ। ਬੰਦਗੀ ਵਿਚ ਵਰਤੀਆਂ ਜਾਣ ਵਾਲੀਆਂ ਚੀਜ਼ਾਂ ਜਾਂ ਤਾਂ ਖ਼ੁਦਾ ਵੱਲੋਂ ਹਨ ਜਾਂ ਮਨੁੱਖਾਂ ਵੱਲੋਂ। ਜਦ ਕੋਈ ਖ਼ੁਦਾ ਵੱਲੋਂ ਦਿੱਤੇ ਹੁਕਮ ਨੂੰ ਇਕ ਪਾਸੇ ਰੱਖ ਦਿੰਦਾ ਹੈ, ਤਾਂ ਉਹ ਕਿਸ ਦਾ ਹੁਕਮ ਮੰਨ ਰਿਹਾ ਹੁੰਦਾ ਹੈ? [ਮਰਕੁਸ 7:8 ਪੜ੍ਹੋ।] ਮਨੁੱਖ ਜਦ ਖ਼ੁਦਾ ਦੀ ਗੱਲ ਨਹੀਂ ਮੰਨਦਾ ਤਾਂ ਉਹ ਕਿਸ ਦੀਆਂ ਰੀਤਾਂ ਮੁਤਾਬਿਕ ਚੱਲ ਰਿਹਾ ਹੁੰਦਾ ਹੈ? [ਖਾਲੀ ਥਾਂ ਵਿਚ ''ਮਨੁੱਖਾਂ'' ਭਰੋ।]

ਯਿਸੂ ਮਨੁੱਖਾਂ ਦੀਆਂ ਰੀਤਾਂ ਨੂੰ ਮੰਨਣ ਲਈ ਯਹੂਦੀਆਂ ਦੀ ਤਾਰੀਫ਼ ਨਹੀਂ ਕਰ ਰਿਹਾ ਸੀ। ਬਲਕਿ ਉਹ ਮਨੁੱਖਾਂ ਦੀਆਂ ਰੀਤਾਂ ਨੂੰ ਮੰਨਣ ਲਈ ਉਨ੍ਹਾਂ ਨੂੰ ਗਲਤ ਕਹਿ ਰਿਹਾ ਸੀ। ਖ਼ੁਦਾ ਮਨੁੱਖ ਤੋਂ ਇਹੋ ਉਮੀਦ ਕਰਦਾ ਹੈ ਕਿ ਉਹ ਮਨੁੱਖਾਂ ਦੀਆਂ ਰੀਤਾਂ ਦੀ ਬਜਾਇ ਉਸ ਦੀ ਇੱਛਾ ਨੂੰ ਮੰਨੇ।

3. ਮਨੁੱਖ ਦੀਆਂ ਰੀਤਾਂ ਨੂੰ ਮੰਨਣ ਵਾਲਾ ਖ਼ੁਦਾ ਦੇ ਵਚਨ ਦਾ ਕੀ ਹੁੰਦਾ ਹੈ? [ਮਰਕੁਸ 7:13 ਪੜ੍ਹੋ।] ਮਨੁੱਖਾਂ ਦੀਆਂ ਰੀਤਾਂ ਖ਼ੁਦਾ ਦੇ ਵਚਨ ਨੂੰ *ਕੀ* ਕਰ ਦਿੰਦੀਆਂ ਹਨ? [ਖਾਲੀ ਥਾਂ ਵਿਚ ''ਅਕਾਰਥ'' ਭਰੋ।] ਮਨੁੱਖ ਦੀਆਂ ਰੀਤਾਂ ਨਾਲ ਖ਼ੁਦਾ ਦਾ ਵਚਨ ਅਕਾਰਥ ਹੋ ਜਾਂਦਾ ਹੈ।

ਸਮੁੰਦਰ ਵਿਚ ਜਹਾਜ਼ ਨਾਲ ਡਿੱਗ ਕੇ ਡੁੱਬ ਰਹੇ ਆਦਮੀ ਵੱਲ, ਇਕ ਜੀਵਨ ਰੱਖਿਅਕ ਸੁੱਟਣ ਨਾਲ ਉਸ ਦੀ ਜਾਨ ਬਚ ਸਕਦੀ ਹੈ। ਪਰ, ਜੇ ਕੋਈ ਉਸ ਵੱਲ ਪੱਥਰ ਮਾਰ ਕੇ ਜੀਵਨ ਰੱਖਿਅਕ ਨੂੰ ਉਸ ਕੋਲ ਪਹੁੰਚਣ ਤੋਂ ਰੋਕ ਲਵੇ, ਤਾਂ ਜਿਸ ਜੀਵਨ ਰੱਖਿਅਕ ਨਾਲ ਉਸ ਦੀ ਜਾਨ

ਬਚ ਸਕਦੀ ਸੀ ਉਹ ਬੇਕਾਰ ਹੋ ਜਾਵੇਗਾ। ਯਿਸੂ ਵੱਲੋਂ ਜ਼ਾਹਿਰ ਕੀਤੀ ਗਈ ਸਚਿਆਈ ਨੂੰ ਮੰਨਣ ਲਈ ਮਨੁੱਖਾਂ ਦੀਆਂ ਰੀਤਾਂ ਨਾਲ ਰੁਕਾਵਟ ਪਾਉਣ ਨਾਲ ਅਜਿਹਾ ਹੀ ਹੁੰਦਾ ਹੈ।

4. ਮਨੁੱਖ ਦੀਆਂ ਰੀਤਾਂ ਸਾਨੂੰ ਹੋਰ ਕੀ ਕਰ ਸਕਦੀਆਂ ਹਨ? [ਕੁਲੁੱਸੀਆਂ 2:8 ਪੜ੍ਹੋ।] ਉਹ ਕੀ ਕਰ ਸਕਦੀਆਂ ਹਨ? [ਖਾਲੀ ਥਾਂ ਵਿਚ ''ਲੁੱਟ'' ਭਰੋ।] ਉਹ ਇਸ ਲਈ ਲੁੱਟਣਗੀਆਂ ਕਿਉਂਕਿ ਉਹ *ਕਿਹਦੇ ਵੱਲੋਂ* ਨਹੀਂ ਸਨ? [ਖਾਲੀ ਥਾਂ ਵਿਚ ''ਮਸੀਹ'' ਭਰੋ।] ਅਸੀਂ ਜੋ ਕੁਝ ਕਰਦੇ ਹਾਂ ਉਹ ਜਾਂ ਤਾਂ ਮਨੁੱਖਾਂ ਦੀਆਂ ਸਿੱਖਿਆਵਾਂ ਅਨੁਸਾਰ ਹੈ ਜਾਂ ਮਸੀਹ ਦੀ ਸਿੱਖਿਆ ਦੇ ਅਨੁਸਾਰ। ਭਲਾ ਖ਼ੁਦਾ ਸਾਨੂੰ ਮਨੁੱਖਾਂ ਦੀ ਸਿੱਖਿਆ ਨੂੰ ਮੰਨਣ ਤੇ ਕਬੂਲ ਕਰੇਗਾ ਜਾਂ ਮਸੀਹ ਦੀ ਸਿੱਖਿਆ ਮੰਨਣ ਤੇ? ਜੇ ਅਸੀਂ ਜੋ ਕੁਝ ਕਰਦੇ ਹਾਂ ਉਹ ਮਨੁੱਖਾਂ ਦੀ ਸਿੱਖਿਆ ਅਨੁਸਾਰ ਹੈ, ਤਾਂ ਖ਼ੁਦਾ ਸਾਨੂੰ ਠੁਕਰਾ ਦੇਵੇਗਾ। ਪਰ ਜੇ ਉਹ ਮਸੀਹ ਦੀ ਸਿੱਖਿਆ ਅਨੁਸਾਰ ਹੈ, ਤਾਂ ਖ਼ੁਦਾ ਸਾਨੂੰ ਕਬੂਲ ਕਰ ਲਵੇਗਾ।

[*ਪਿਛਲੇ ਪਾਸੇ* ਚੱਕਰ ਦੇ ਬਾਹਰ ''ਮਨੁੱਖਾਂ ਦੀਆਂ ਰੀਤਾਂ'' ਲਿਖੋ। ਵੇਖੋ ਸਫ਼ਾ 179।] ਮਨੁੱਖਾਂ ਦੀਆਂ ਸਿੱਖਿਆਵਾਂ ਯਿਸੂ ਮਸੀਹ ਦੇ ਅਨੁਸਾਰ ਨਹੀਂ ਹਨ। ਉਹ ਚੱਕਰ ਵਿਚ ਨਹੀਂ ਹੋ ਸਕਦੀਆਂ ਜੋ ਖ਼ੁਦਾ ਨੂੰ ਕਬੂਲ ਨਹੀਂ ਹਨ।

5. ਮਨੁੱਖਾਂ ਦੇ ਹੁਕਮਾਂ ਦੀ ਸਿੱਖਿਆ ਦੇਣ ਵਾਲੇ ਕੌਣ ਹਨ? [ਤੀਤੁਸ 1:14 ਪੜ੍ਹੋ।] ਮਨੁੱਖਾਂ ਦੇ ਹੁਕਮਾਂ ਦੀ ਸਿੱਖਿਆ ਦੇਣ ਵਾਲੇ *ਕਿਸ ਤੋਂ* ਫਿਰ ਜਾਂਦੇ ਹਨ? [ਖਾਲੀ ਥਾਂ ਵਿਚ ''ਸਚਿਆਈ'' ਭਰੋ।] ਸਚਿਆਈ ਮਸੀਹ ਯਿਸੂ ਵਿਚ ਹੈ। ਜੋ ਲੋਕ ਮਨੁੱਖਾਂ ਦੇ ਹੁਕਮਾਂ ਦੀ ਸਿੱਖਿਆ ਦਿੰਦੇ ਹਨ ਉਹ ਸਚਿਆਈ ਤੋਂ ਭਟਕ ਗਏ ਹਨ, ਅਤੇ ਇਸ ਕਰਕੇ ਯਿਸੂ ਤੋਂ ਫਿਰ ਗਏ ਹਨ।

ਇਸ ਭਾਗ ਵਿਚ ਅਸੀਂ ਕੀ ਸਿੱਖਿਆ ਹੈ? ਅਸੀਂ ਸਿੱਖਿਆ ਹੈ ਕਿ ਖ਼ੁਦਾ ਮਨੁੱਖ ਵੱਲੋਂ ਬਣਾਈ ਗਈ ਬੰਦਗੀ ਦੇ ਤਰੀਕੇ ਨੂੰ ਠੁਕਰਾ ਦਿੰਦਾ ਹੈ। ਬੰਦਗੀ ਵਿਚ ਉਨ੍ਹਾਂ ਚੀਜ਼ਾਂ ਦੀ ਵਰਤੋਂ ਕਰਨਾ ਜੋ ਮਨੁੱਖੀ ਰਵਾਇਤਾਂ ਹੀ ਹਨ ਖ਼ੁਦਾ ਦੀ ਨਜ਼ਰ ਵਿਚ ਫ਼ਜ਼ੂਲ ਹੈ। ਸਾਡੇ ਕੋਲ ਦੋ ਹੀ ਬਦਲ ਹਨ, ਜਾਂ ਤਾਂ ਸਚਿਆਈ ਨੂੰ ਮੰਨੀਏ ਜੋ ਯਿਸੂ ਮਸੀਹ ਦੇ ਰਾਹੀਂ ਪਹੁੰਚੀ ਹੈ ਜਾਂ ਮਨੁੱਖਾਂ ਦੀਆਂ ਬਣਾਈਆਂ ਰੀਤਾਂ ਨੂੰ। ਖ਼ੁਦਾ ਉਸ ਗੱਲ ਨੂੰ ਕਬੂਲ ਕਰਦਾ ਹੈ ਜੋ ਯਿਸੂ ਵੱਲੋਂ ਆਈ ਹੈ ਪਰ ਮਨੁੱਖ ਦੀ ਸਿੱਖਿਆ ਨੂੰ ਉਹ ਕਬੂਲ ਨਹੀਂ ਕਰਦਾ।

## III. ਮਸੀਹ ਵੱਲੋਂ ਜਾਂ ਮਨੁੱਖਾਂ ਵੱਲੋਂ

ਇਹ ਜਾਣਨ ਲਈ ਕਿ ਕੋਈ ਰਵਾਇਤ ਖ਼ੁਦਾ ਨੂੰ ਕਬੂਲ ਹੈ, ਸਾਡੇ ਲਈ ਉਸ ਦੇ ਮੂਲ ਨੂੰ ਜਾਣਨਾ ਜ਼ਰੂਰੀ ਹੈ। ਜੇ ਜੋ ਕੁਝ ਅਸੀਂ ਕਰਦੇ ਹਾਂ ਉਹ ਯਿਸੂ, ਰਸੂਲਾਂ ਅਤੇ ਨਬੀਆਂ ਦੀ ਸਿੱਖਿਆ ਅਰਥਾਤ ਨਵੇਂ ਨੇਮ ਵਿਚ ਹੈ, ਤਾਂ ਅਸੀਂ ਜਾਣਦੇ ਹਾਂ ਕਿ ਖ਼ੁਦਾ ਉਸ ਨੂੰ ਕਬੂਲ ਕਰ ਲਵੇਗਾ, ਪਰ ਜੇ ਨਵੇਂ ਨੇਮ ਵਿਚ ਨਹੀਂ ਹੈ, ਤਾਂ ਅਸੀਂ ਜਾਣਦੇ ਹਾਂ ਕਿ ਇਹ ਮਨੁੱਖ ਵੱਲੋਂ ਹੈ ਅਤੇ ਸਾਨੂੰ ਚਾਹੀਦਾ ਹੈ ਕਿ ਉਸ ਨੂੰ ਠੁਕਰਾ ਦਈਏ।

ਲੂਕਾ 18:1 ਅਤੇ 1 ਤਿਮੋਥਿਉਸ 2:5 ਵਿਚ ਸਾਨੂੰ *ਕੀ* ਕਰਨ ਲਈ ਆਖਿਆ ਗਿਆ ਹੈ? [''ਮਸੀਹ ਦੀ'' ਹੇਠ ਪਹਿਲੇ ਖਾਲੀ ਥਾਂ ਵਿਚ ''ਦੁਆ'' ਭਰੋ।] ਜੇ ਅਸੀਂ ਖ਼ੁਦਾ ਕੋਲ ਦੁਆ ਕਰੀਏ, ਤਾਂ ਭਲਾ ਉਹ ਕਬੂਲ ਹੋ ਜਾਵੇਗੀ? ਜੇ ਅਸੀਂ ਆਪਣੇ ਵਿਚੋਲੇ ਦੇ ਰੂਪ ਵਿਚ ਯਿਸੂ ਦੇ ਰਾਹੀਂ ਦੁਆ ਕਰੀਏ, ਤਾਂ ਉਹ ਕਬੂਲ ਹੋਵੇਗੀ? ਸਾਨੂੰ ਇਹ ਕਿਵੇਂ ਪਤਾ ਲਗਦਾ ਹੈ

ਕਿ ਉਹ ਦੁਆ ਕਬੂਲ ਹੋ ਜਾਵੇਗੀ? ਅਸੀਂ ਜਾਣਦੇ ਹਾਂ ਕਿ ਇਹ ਖ਼ੁਦਾ ਨੂੰ ਕਬੂਲੇ ਜਾਣ ਯੋਗ ਹੈ ਕਿਉਂਕਿ ਨਵੇਂ ਨੇਮ ਵਿਚ ਇਹ ਸਿਖਾਇਆ ਗਿਆ ਹੈ। ਪੁਰਾਣੇ ਨੇਮ ਵਿਚ ਲੋਕ ਯਿਸੂ ਦੇ ਨਾਂਅ ਵਿਚ ਦੁਆ ਨਹੀਂ ਕਰਦੇ ਸਨ। ਭਲਾ ਸਾਨੂੰ ਵੀ ਉਵੇਂ ਹੀ ਕਰਨਾ ਚਾਹੀਦਾ ਹੈ ਜਿਵੇਂ ਪੁਰਾਣੇ ਨੇਮ ਦੇ ਲੋਕ ਕਰਦੇ ਸਨ?

ਦੁਆ ਨਾਲ ਜੁੜੀਆਂ ਮਨੁੱਖਾਂ ਦੀਆਂ ਕੁਝ ਰਵਾਇਤਾਂ *ਕਿਹੜੀਆਂ* ਹਨ? ਕੁਝ ਲੋਕ ਮਰੀਅਮ ਅੱਗੇ ਦੁਆ ਕਰਦੇ ਹਨ? ਕਈ ਲੋਕ ਧੂਫ਼ ਧੁਖਾਉਂਦੇ ਹਨ? ਕਈ ਲੋਕ ਸੰਤਾਂ ਅੱਗੇ ਦੁਆ ਕਰਦੇ ਹਨ? ਕਈ ਦੁਆ ਵਿਚ ਮਣਕਿਆਂ (ਰੋਜ਼ਰੀ) ਦੀ ਵਰਤੋਂ ਕਰਦੇ ਹਨ? *[* ''ਮਨੁੱਖਾਂ ਦੀ'' ਹੇਠ ਮਨੁੱਖਾਂ ਦੀਆਂ ਦੱਸੀਆਂ ਇਨ੍ਹਾਂ ਗੱਲਾਂ ਨੂੰ ਲਿਖੋ। *]* ਭਲਾ ਖ਼ੁਦਾ ਇਨ੍ਹਾਂ ਰਵਾਇਤਾਂ ਨੂੰ ਕਬੂਲ ਕਰਦਾ ਹੈ। ਇਹ ਰਵਾਇਤਾਂ ਖ਼ੁਦਾ ਵੱਲੋਂ ਹਨ ਜਾਂ ਮਨੁੱਖਾਂ ਵੱਲੋਂ? ਭਲਾ ਪੁਰਾਣੇ ਨੇਮ ਵਿਚ ਲੋਕ ਧੂਫ਼ ਦੀ ਵਰਤੋਂ ਕਰਦੇ ਸਨ? ਭਲਾ ਸਾਨੂੰ ਵੀ ਉਨ੍ਹਾਂ ਵਾਂਗ ਦੁਆ ਲਈ ਧੂਫ਼ ਦੀ ਵਰਤੋਂ ਕਰਨੀ ਚਾਹੀਦੀ ਹੈ?

ਜੇ ਅਸੀਂ ਇਨ੍ਹਾਂ ਰਵਾਇਤਾਂ ਨੂੰ ਮੰਨਣਾ ਚਾਹੁੰਦੇ ਹਾਂ, ਤਾਂ ਸਾਨੂੰ ਇਹ ਰਵਾਇਤਾਂ ਕਿਸ ਨੇ ਸਿਖਾਈਆਂ? ਸਾਨੂੰ ਵੇਖਣਾ ਚਾਹੀਦਾ ਹੈ ਕਿ ਕੀ ਉਨ੍ਹਾਂ ਦੀ ਸਿੱਖਿਆ ਨਵੇਂ ਨੇਮ ਵਿਚ ਦਿੱਤੀ ਗਈ ਹੈ। ਜੇ ਨਵੇਂ ਨੇਮ ਵਿਚ ਉਨ੍ਹਾਂ ਦਾ ਜ਼ਿਕਰ ਨਹੀਂ ਹੈ, ਤਾਂ ਉਹ ਮਨੁੱਖਾਂ ਦੀਆਂ ਰੀਤਾਂ ਭਾਵ ਵਿਅਰਥ ਹਨ ਅਤੇ ਉਨ੍ਹਾਂ ਤੋਂ ਦੂਰ ਰਹਿਣਾ ਚਾਹੀਦਾ ਹੈ।

ਬੰਦਗੀ ਵਿਚ ਹੋਰ ਕੀ ਹੋਣਾ ਚਾਹੀਦਾ ਹੈ? *[* ਲੂਕਾ 6:38; 1 ਕੁਰਿੰਥੀਆਂ 16:2 ਪੜ੍ਹੋ। *]* ਯਿਸੂ ਨੇ ਸਾਨੂੰ *ਕੀ* ਕਰਨ ਦਾ ਹੁਕਮ ਦਿੱਤਾ ਹੈ? *[* ''ਮਸੀਹ ਦੀ'' ਹੇਠ ''ਚੰਦਾ'' ਭਰੋ। *]* ਇਹ ਯਿਸੂ ਵੱਲੋਂ ਹੈ ਜਾਂ ਮਨੁੱਖਾਂ ਵੱਲੋਂ? ਜੇ ਯਿਸੂ ਵੱਲੋਂ ਹੈ, ਤਾਂ ਇਹ ਮੰਨਣ ਯੋਗ ਹੈ, ਪਰ ਜੇ ਮਨੁੱਖਾਂ ਵੱਲੋਂ ਹੈ ਤਾਂ ਸਾਨੂੰ ਇਸ ਤੋਂ ਦੂਰ ਰਹਿਣਾ ਚਾਹੀਦਾ ਹੈ। ਅਸੀਂ ਜਾਣਦੇ ਹਾਂ ਕਿ ਚੰਦਾ ਖ਼ੁਦਾ ਨੂੰ ਕਬੂਲੇ ਜਾਣ ਯੋਗ ਹੈ ਕਿਉਂਕਿ *ਦੇਣਾ* ਯਿਸੂ ਅਤੇ ਰਸੂਲਾਂ ਵੱਲੋਂ ਸਿਖਾਇਆ ਗਿਆ ਹੈ।

ਆਪਣੀਆਂ ਕਲੀਸੀਆਵਾਂ ਦੀ ਮਦਦ ਲਈ ਧਨ ਇਕੱਠਾ ਕਰਨ ਲਈ ਮਨੁੱਖਾਂ ਨੇ *ਕੀ* ਦੱਸਿਆ ਹੈ *[* ''ਮਨੁੱਖਾਂ ਦੀ'' ਹੇਠ ''ਲਾਟਰੀਆਂ, ਵੱਖ-ਵੱਖ ਤਰ੍ਹਾਂ ਦੇ ਸਮਾਨ ਦੀ ਵਿਕਰੀ, ਦਸਵੰਧ, ਆਦਿ'' ਭਰੋ। *]* ਭਲਾ ਇਹ ਮਸੀਹ ਵੱਲੋਂ ਹੈ ਜਾਂ ਮਨੁੱਖ ਵੱਲੋਂ? ਜੇ ਇਹ ਮਸੀਹ ਵੱਲੋਂ ਹੈ ਤਾਂ ਉਸ ਦੀ ਸਿੱਖਿਆ ਵਿਚ ਮਿਲਦ ਸਕਦੇ ਹਨ, ਪਰ ਜੇ ਨਹੀਂ, ਤਾਂ ਉਹ ਮਨੁੱਖਾਂ ਵੱਲੋਂ ਹਨ ਇਸ ਲਈ ਉਨ੍ਹਾਂ ਨੂੰ ਛੱਡ ਦੇਣਾ ਚਾਹੀਦਾ ਹੈ। ਯਿਸੂ ਜਾਂ ਰਸੂਲਾਂ ਦੀ ਸਿੱਖਿਆ ਵਿਚ ਇਹ ਰਵਾਇਤਾਂ ਨਹੀਂ ਮਿਲਦੀਆਂ। ਕੀ ਪੁਰਾਣੇ ਨੇਮ ਵਿਚ ਦਸਵੰਧ ਦੇਣ ਦਾ ਹੁਕਮ ਹੈ? ਕੀ ਯਿਸੂ ਅਤੇ ਰਸੂਲਾਂ ਨੇ ਦਸਵੰਧ ਦੀ ਸਿੱਖਿਆ ਦਿੱਤੀ ਹੈ? ਜੇ ਦਸਵੰਧ ਸਾਡੇ ਲਈ ਹੈ, ਤਾਂ ਇਸ ਦਾ ਹੁਕਮ ਯਿਸੂ ਵੱਲੋਂ ਹੋਣਾ ਚਾਹੀਦਾ ਹੈ। ਜੇ ਇਹ ਯਿਸੂ ਵੱਲੋਂ ਹੈ, ਤਾਂ ਉਸ ਦੀ ਸਿੱਖਿਆ ਵਿਚ ਜਾਂ ਰਸੂਲਾਂ ਦੀ ਸਿੱਖਿਆ ਵਿਚ ਹੋਣਾ ਚਾਹੀਦਾ ਹੈ। ਕਿਉਂਕਿ ਇਹ ਯਿਸੂ ਦੀ ਸਿੱਖਿਆ ਵਿਚ ਨਹੀਂ ਹੈ, ਇਸ ਲਈ ਇਸ ਨੂੰ ਮਨੁੱਖਾਂ ਦਾ ਹੁਕਮ ਮੰਨ ਕੇ ਛੱਡ ਦੇਣਾ ਚਾਹੀਦਾ ਹੈ।

ਮਸੀਹ ਦੀ ਕਲੀਸੀਆ ਵਿਚ ਹੋਰ ਕਿਹੜੀ ਰਵਾਇਤ ਹੋਣੀ ਚਾਹੀਦੀ ਹੈ? *[* 1 ਕੁਰਿੰਥੀਆਂ 11:23-26; ਰਸੂਲਾਂ ਦੇ ਕੰਮ 20:7 ਪੜ੍ਹੋ। *]* ਯਿਸੂ ਨੇ ਆਪਣੇ ਚੇਲਿਆਂ ਨੂੰ *ਕੀ* ਖਾਣ ਦਾ ਹੁਕਮ ਦਿੱਤਾ? *[* ''ਮਸੀਹ ਦੀ'' ਹੇਠ ''ਪ੍ਰਭੂ ਭੋਜ'' ਭਰੋ। *]* ਪ੍ਰਭੂ ਭੋਜ ਮਸੀਹ ਵੱਲੋਂ ਹੈ ਜਾਂ ਮਨੁੱਖਾਂ ਵੱਲੋਂ? ਜੇ ਇਹ ਮਸੀਹ ਵੱਲੋਂ ਹੈ, ਤਾਂ ਸਾਨੂੰ ਇਸ ਨੂੰ ਮੰਨ ਲੈਣਾ ਚਾਹੀਦਾ ਹੈ, ਪਰ ਜੇ ਮਨੁੱਖਾਂ ਵੱਲੋਂ ਹੈ ਤਾਂ ਸਾਨੂੰ ਚਾਹੀਦਾ ਹੈ ਕਿ ਇਸ ਨੂੰ ਛੱਡ ਦਈਏ। ਸਾਨੂੰ ਰੋਟੀ ਵਿੱਚੋਂ ਖਾਣਾ ਅਤੇ

ਅੰਗੂਰਾਂ ਦੇ ਰਸ ਵਿੱਚੋਂ ਪੀਣਾ ਤਦ ਤਕ ਜਾਰੀ ਰੱਖਣਾ ਚਾਹੀਦਾ ਹੈ ਜਦ ਤਕ ਯਿਸੂ ਆ ਨਹੀਂ ਜਾਂਦਾ। ਕਿਉਂਕਿ ਯਿਸੂ ਨੇ ਸਾਨੂੰ ਇਸੇ ਤਰ੍ਹਾਂ ਯਾਦ ਕਰਨ ਲਈ ਕਿਹਾ ਸੀ।

ਮਸੀਹੀ ਲੋਕ ਸਨਿੱਚਰਵਾਰ ਭਾਵ ਸੱਬਤ ਦੇ ਦਿਨ ਨਹੀਂ (ਮੱਤੀ 28:1; ਮਰਕੁਸ 16:1; ਲੂਕਾ 22:1; ਯੂੰਹਨਾ 20:1) ਬਲਕਿ ਹਫ਼ਤੇ ਦੇ ਪਹਿਲੇ ਦਿਨ (ਰਸੂਲਾਂ ਦੇ ਕੰਮ 20:7) ਜਮ੍ਹਾ ਹੁੰਦੇ ਸਨ। ਮਸੀਹੀ ਲੋਕ ਰਸੂਲਾਂ ਦੀ ਅਗਵਾਈ ਵਿਚ ਚੱਲਦੇ ਸਨ, ਇਸ ਲਈ ਪ੍ਰਭੂ ਭੋਜ ਹਫ਼ਤੇ ਦੇ ਪਹਿਲੇ ਦਿਨ ਲੈਣਾ ਯਿਸੂ ਵੱਲੋਂ ਹੈ। ਜਦ ਅਸੀਂ ਹਫ਼ਤੇ ਦੇ ਪਹਿਲੇ ਦਿਨ ਪ੍ਰਭੂ ਭੋਜ ਖਾ ਕੇ ਯਿਸੂ ਨੂੰ ਯਾਦ ਕਰਦੇ ਹਾਂ ਤਾਂ ਅਸੀਂ ਉਸ ਰਵਾਇਤ ਨੂੰ ਮੰਨ ਰਹੇ ਹੁੰਦੇ ਹਾਂ ਜੋ ਯਿਸੂ ਵੱਲੋਂ ਹੈ, ਨਾ ਕਿ ਮਨੁੱਖਾਂ ਵੱਲੋਂ।

ਮਨੁੱਖਾਂ ਨੇ ਪ੍ਰਭੂ ਭੋਜ ਨੂੰ ਕੀ ਕਰ ਦਿੱਤਾ ਹੈ? ਕਈਆਂ ਨੇ ਅੰਗੂਰਾਂ ਦੇ ਰਸ ਨੂੰ ਸੁਕਾ ਦਿੱਤਾ ਹੈ। ਕਈ ਅੰਗੂਰਾਂ ਦੇ ਰਸ ਦੀ ਥਾਂ ਪਾਣੀ ਦੀ ਵਰਤੋਂ ਕਰਨ ਲਗ ਪਏ ਹਨ। ਕਈ ਸਾਲ ਵਿਚ ਇਕ ਵਾਰ, ਛੇ ਮਹੀਨਿਆਂ ਬਾਅਦ, ਤਿੰਨ ਮਹੀਨਿਆਂ ਬਾਅਦ, ਮਹੀਨੇ ਵਿਚ ਇਕ ਜਾਂ ਦੋ ਵਾਰ ਜਾਂ ਕਿਸੇ ਵੀ ਦਿਨ ਪ੍ਰਭੂ ਭੋਜ ਲੈਂਦੇ ਹਨ। [''ਮਨੁੱਖਾਂ ਦੀ'' ਹੇਠ ''ਪਾਣੀ, ਇਕ ਕਿਸਮ ਅਤੇ ਸਾਲ ਵਿਚ ਇਕ ਵਾਰ ਭਰੋ।''] ਕੀ ਇਹ ਰੀਤਾਂ ਮਨੁੱਖਾਂ ਵੱਲੋਂ ਹਨ ਜਾਂ ਮਸੀਹ ਵੱਲੋਂ? ਜੇ ਇਹ ਮਸੀਹ ਵੱਲੋਂ ਹਨ ਤਾਂ ਇਹ ਯਿਸੂ ਅਤੇ ਰਸੂਲਾਂ ਦੀ ਸਿੱਖਿਆ ਵਿਚ ਮਿਲਣੀਆਂ ਚਾਹੀਦੀਆਂ ਹਨ। ਜੇ ਉਹ ਉਨ੍ਹਾਂ ਦੀ ਸਿੱਖਿਆ ਵਿਚ ਨਹੀਂ ਹਨ ਅਤੇ ਮਨੁੱਖਾਂ ਵੱਲੋਂ ਹਨ ਤਾਂ ਉਨ੍ਹਾਂ ਨੂੰ ਨਹੀਂ ਮੰਨਣਾ ਚਾਹੀਦਾ। ਉਹ ਯਿਸੂ ਦੀ ਸਿੱਖਿਆ ਵਿਚ ਨਹੀਂ ਹਨ, ਇਸ ਲਈ ਉਨ੍ਹਾਂ ਨੂੰ ਮਨੁੱਖਾਂ ਦੀ ਸਿੱਖਿਆ ਮੰਨ ਕੇ ਠੁਕਰਾ ਦੇਣਾ ਚਾਹੀਦਾ ਹੈ।

ਪੁਰਾਣੇ ਨੇਮ ਦੇ ਲੋਕ ਸੱਬਤ (ਸਨਿੱਚਰਵਾਰ) ਵਾਲੇ ਦਿਨ ਮਿਸਰ ਦੀ ਗੁਲਾਮੀ ਤੋਂ ਛੁਟਕਾਰੇ ਨੂੰ ਯਾਦ ਕਰਦੇ ਸਨ। ਭਲਾ ਮਸੀਹੀ ਲੋਕਾਂ ਨੂੰ ਇਸੇ ਤਰ੍ਹਾਂ ਸੱਬਤ ਦਾ ਦਿਨ ਮਨਾਉਣਾ ਚਾਹੀਦਾ ਹੈ? ਅਜਿਹੀ ਰਵਾਇਤ ਯਿਸੂ ਦੀ ਸਿੱਖਿਆ ਵਿਚ ਨਹੀਂ ਮਿਲਦੀ ਇਸ ਲਈ ਇਸ ਨੂੰ ਨਹੀਂ ਮੰਨਣਾ ਚਾਹੀਦਾ।

ਮੁੱਢਲੀ ਕਲੀਸੀਆ ਬੰਦਗੀ ਵਿਚ ਹੋਰ ਕੀ ਕਰਦੀ ਸੀ? [ਅਫ਼ਸੀਆਂ 5:19 ਪੜ੍ਹੋ।] ਉਹ *ਕੀ* ਕਰਦੇ ਸਨ [''ਮਸੀਹ ਦੀ'' ਹੇਠ ''ਗਾਉਣਾ'' ਭਰੋ।] ਮਸਾਹੀ ਲੋਕਾਂ ਨੂੰ ਗਾਉਣ ਲਈ ਕਿਹਾ ਗਿਆ।

ਮਨੁੱਖ ਨੇ ਖ਼ੁਦਾ ਦੀ ਬੰਦਗੀ ਵਿਚ ਗਾਉਣ ਦੇ ਨਾਲ ਕੀ ਮਿਲਾ ਲਿਆ ਹੈ? [ ਖਾਲੀ ਥਾਂ ਵਿਚ ''ਪਿਆਨੋ, ਵਾਜੇ, ਗਿਟਾਰ, ਆਦਿ'' ਭਰੋ।] ਜੇ ਬੰਦਗੀ ਵਿਚ ਇਨ੍ਹਾਂ ਚੀਜ਼ਾਂ ਦੀ ਵਰਤੋਂ ਕਰਨੀ ਸੀ, ਤਾਂ ਇਸ ਦਾ ਜ਼ਿਕਰ ਯਿਸੂ ਅਤੇ ਰਸੂਲਾਂ ਦੀ ਸਿੱਖਿਆ ਵਿਚ ਹੋਣਾ ਚਾਹੀਦਾ ਹੈ। ਇਹ ਯਿਸੂ ਦੀ ਸਿੱਖਿਆ ਵਿਚ ਨਹੀਂ ਹੈ, ਇਸ ਲਈ ਮਨੁੱਖਾਂ ਵੱਲੋਂ ਹਨ ਅਤੇ ਇਨ੍ਹਾਂ ਨੂੰ ਨਹੀਂ ਮੰਨਿਆ ਜਾਂਦਾ ਚਾਹੀਦਾ।

ਭਲਾ ਪੁਰਾਣੇ ਨੇਮ ਦੀ ਬੰਦਗੀ ਵਿਚ ਗਾਉਣ ਦੇ ਨਾਲ ਸਾਜ਼ਾਂ ਦੀ ਵਰਤੋਂ ਹੁੰਦੀ ਸੀ? ਹੈਕਲ ਵਿਚ ਬੰਦਗੀ ਲਈ ਉਨ੍ਹਾਂ ਦੀ ਵਰਤੋਂ ਹੁੰਦੀ ਸੀ। ਭਲਾ ਮਸੀਹੀ ਲੋਕਾਂ ਨੂੰ ਬੰਦਗੀ ਵਿਚ ਉਨ੍ਹਾਂ ਚੀਜ਼ਾਂ ਦੀ ਵਰਤੋਂ ਕਰਨੀ ਚਾਹੀਦੀ ਹੈ ਜੋ ਪੁਰਾਣੇ ਨੇਮ ਦੀ ਬੰਦਗੀ ਵਿਚ ਹੁੰਦੀਆਂ ਸਨ? ਮਸੀਹੀ ਲੋਕਾਂ ਨੂੰ ਉਹੋ ਚੀਜ਼ਾਂ ਕਰਨੀਆਂ ਚਾਹੀਦੀਆਂ ਹਨ ਜਿਨ੍ਹਾਂ ਦਾ ਹੁਕਮ ਯਿਸੂ ਨੇ ਦਿੱਤਾ ਹੈ। ਇਸ ਲਈ ਖ਼ੁਦਾ ਦੀ ਬੰਦਗੀ ਵਿਚ ਗਾਉਣ ਦੇ ਨਾਲ ਸਾਜ਼ਾਂ ਦੀ ਵਰਤੋਂ ਕਰਨ ਤੋਂ ਪਹਿਲਾਂ ਉਨ੍ਹਾਂ ਨੂੰ ਇਹ ਵੇਖਣਾ ਚਾਹੀਦਾ ਹੈ ਕਿ ਕੀ ਯਿਸੂ ਦੀ ਸਿੱਖਿਆ ਵਿਚ ਉਨ੍ਹਾਂ ਦੀ ਵਰਤੋਂ ਕਰਨ ਦੀ

ਹਦਾਇਤ ਹੈ। ਯਿਸੂ ਅਤੇ ਰਸੂਲਾਂ ਦੀ ਸਿੱਖਿਆ ਵਿਚ ਇਨ੍ਹਾਂ ਦਾ ਜ਼ਿਕਰ ਨਹੀਂ ਹੈ ਇਸ ਲਈ ਮਨੁੱਖਾਂ ਦੀ ਸਿੱਖਿਆ ਹੋਣ ਕਰਕੇ ਉਨ੍ਹਾਂ ਨੂੰ ਨਹੀਂ ਮੰਨਿਆ ਜਾਣਾ ਚਾਹੀਦਾ। ਨਵੇਂ ਨੇਮ ਵਿਚ ਸੰਗੀਤ ਦੀ ਸਿਰਫ਼ ਗਾਉਣ ਦੀ ਕਿਸਮ ਦੀ ਸਿੱਖਿਆ ਅਤੇ ਗਾਉਣਾ ਹੀ ਮਿਲਦਾ ਹੈ, ਸੋ ਅੱਜ ਬੰਦਗੀ ਵਿਚ ਸਿਰਫ਼ ਗਾਉਣ ਦੀ ਹੀ ਵਰਤੋਂ ਹੋਣੀ ਚਾਹੀਦੀ ਹੈ।

ਨਵੇਂ ਨੇਮ ਵਿਚ ਹੋਰ ਕਿਹੜੀ ਰਵਾਇਤ ਸਿਖਾਈ ਗਈ ਹੈ? ਉਨ੍ਹਾਂ ਨੂੰ ਹੋਰ ਕੀ ਕਰਨ ਦੀ ਹਦਾਇਤ ਸੀ? [2 ਤਿਮੋਥਿਉਸ 2:2] ਉਨ੍ਹਾਂ ਨੇ *ਕੀ* ਕਰਨਾ ਸੀ? [''ਮਸੀਹ ਦੀ'' ਹੇਠ ''ਸਿਖਾਉਣ'' ਭਰੋ।] ਆਪਣੇ ਲੋਕਾਂ ਨੂੰ ਖਿੱਚਣ ਅਤੇ ਉਨ੍ਹਾਂ ਨੂੰ ਹਦਾਇਤ ਦੇਣ ਦਾ ਖ਼ੁਦਾ ਦਾ ਢੰਗ ਸਿੱਖਿਆ ਦੇਣਾ ਹੈ।

ਮਨੁੱਖਾਂ ਨੇ *ਕੀ* ਕੀਤਾ ਹੈ? [''ਮਨੁੱਖ ਦੀ'' ਹੇਠਾਂ ''ਰਿਸ਼ਵਤ, ਬਲ, ਮਨਪਰਚਾਵਾ'' ਭਰੋ।] ਯਿਸੂ ਦੀਆਂ ਸਿੱਖਿਆਵਾਂ ਨੂੰ ਮੰਨਣ ਲਈ ਲੋਕਾਂ ਨੂੰ ਲਿਆਉਣ ਦੇ ਅਜਿਹੇ ਢੰਗ ਯਿਸੂ ਅਤੇ ਰਸੂਲਾਂ ਦੀ ਸਿੱਖਿਆ ਤੋਂ ਬਾਹਰ ਹਨ। ਇਹ ਢੰਗ ਉਨ੍ਹਾਂ ਦੀ ਸਿੱਖਿਆ ਵਿਚ ਨਹੀਂ ਮਿਲਦੇ, ਇਸ ਲਈ ਇਹ ਸਪੱਸ਼ਟ ਹੈ ਕਿ ਅਜਿਹੀਆਂ ਰੀਤਾਂ ਮਨੁੱਖਾਂ ਵੱਲੋਂ ਹਨ ਅਤੇ ਉਨ੍ਹਾਂ ਤੋਂ ਦੂਰ ਰਹਿਣਾ ਚਾਹੀਦਾ ਹੈ। ਇਤਿਹਾਸ ਦੱਸਦਾ ਹੈ ਕਿ ਲੋਕਾਂ ਨੇ ਬੁੱਤਪ੍ਰਸਤਾਂ ਨੂੰ ਯਿਸੂ ਦੇ ਪਿੱਛੇ ਲਿਆਉਣ ਲਈ ਪੈਸੇ ਦਿੱਤੇ ਅਤੇ ਫ਼ਰਕ ਤਰ੍ਹਾਂ ਦੀ ਰਿਸ਼ਵਤ ਜਾਂ ਫ਼ੌਜ ਦੀ ਵੀ ਵਰਤੋਂ ਕੀਤੀ। ਲੋਕਾਂ ਦੀ ਹਾਜ਼ਰੀ ਵਧਾਉਣ ਲਈ ਮਨਪਰਚਾਵਾ ਵੀ ਮਨੁੱਖਾਂ ਦਾ ਇਕ ਹੋਰ ਢੰਗ ਹੈ। ਯਿਸੂ ਕੋਲ ਆਉਣ ਅਤੇ ਉਸ ਦੇ ਪਿੱਛੇ ਚੱਲਣ ਵਾਲੇ ਲੋਕ ਉਸ ਦੀ ਸਿੱਖਿਆ ਨੂੰ ਹੀ ਮੰਨਦੇ ਹਨ (ਯੂਹੰਨਾ 6:45)। ਇਹੀ ਯਿਸੂ ਵੱਲੋਂ ਹੈ।

[*ਪਿਛਲੇ ਪਾਸੇ* ਚੱਕਰ ਦੇ ਅੰਦਰ, ''ਦੁਆ'', ''ਚੰਦਾ ਦੇਣਾ,'' ''ਪ੍ਰਭੂ ਭੋਜ,'' ''ਗਾਉਣਾ,'' ''ਸਿਖਾਉਣਾ'' ਭਰੋ। ''ਮਨੁੱਖਾਂ ਦੀਆਂ ਰੀਤਾਂ'' ਦੇ ਹੇਠ ਅਤੇ ਚੱਕਰ ਦੇ ਬਾਹਰ, ''ਮਰੀਅਮ ਅੱਗੇ ਦੁਆ,'' ''ਧੂਫ਼,'' ''ਲਾਟਰੀਆਂ,'' ''ਸਿਰਫ਼ ਰੋਟੀ,'' ''ਪਿਆਲਾ,'' ''ਪਿਆਨੋ,'' ''ਹਾਰਮੋਨੀਅਮ,'' ''ਰਿਸ਼ਵਤ,'' ''ਬਲ'' ਲਿਖੋ। ਵੇਖੋ ਸਫ਼ਾ 179।]

ਇਸ ਭਾਗ ਵਿਚ ਅਸੀਂ ਕੀ ਸਿੱਖਿਆ ਹੈ? ਅਸੀਂ ਸਿੱਖਿਆ ਹੈ ਕਿ ਯਿਸੂ ਵੱਲੋਂ ਪਰਗਟ ਕੀਤੀ ਸਚਿਆਈ ਨੂੰ ਮੰਨਣ ਦੇ ਚਾਹਵਾਨ ਸਿਰਫ਼ ਉਨ੍ਹਾਂ ਗੱਲਾਂ ਨੂੰ ਕਰਕੇ ਖ਼ੁਦਾ ਦੀ ਬੰਦਗੀ ਨਹੀਂ ਕਰਨੀ ਚਾਹੁਦੇ ਜੋ ਯਿਸੂ ਨੇ ਸਿਖਾਇਆ ਸੀ। ਉਹ ਬੰਦਗੀ ਵਿਚ ਮਨੁੱਖਾਂ ਵੱਲੋਂ ਸ਼ੁਰੂ ਕੀਤੀਆਂ ਰੀਤਾਂ ਨੂੰ ਪੂਰਾ ਨਹੀਂ ਕਰਦੇ। ਉਹ ਚੰਦਾ ਦੇਣਗੇ, ਦੁਆ ਕਰਨਗੇ, ਪ੍ਰਭੂ ਭੋਜ ਵਿਚ ਹਿੱਸਾ ਲੈਣਗੇ, ਅਤੇ ਸਿਖਾਉਣਗੇ। ਉਹ ਉਨ੍ਹਾਂ ਗੱਲਾਂ ਨੂੰ ਸ਼ਾਮਿਲ *ਨਹੀਂ* ਕਰਨਗੇ ਜੋ ਯਿਸੂ ਵੱਲੋਂ ਨਹੀਂ ਹਨ।

## IV. ਵਧਾਉਣਾ ਅਤੇ ਘਟਾਉਣਾ

ਕੀ ਤੁਸੀਂ ਖ਼ੁਦਾ ਦੀ ਬੰਦਗੀ ਓਸੇ ਤਰ੍ਹਾਂ ਕਰਨਾ ਚਾਹੁੰਦੇ ਹੋ ਜਿਵੇਂ ਯਿਸੂ ਨੇ ਸਾਨੂੰ ਕਰਨ ਲਈ ਕਿਹਾ ਹੈ? ਕੀ ਤੁਸੀਂ ਮਸੀਹੀ ਬੰਦਗੀ ਵਿਚ ਉਨ੍ਹਾਂ ਗੱਲਾਂ ਨੂੰ ਰਲਾ ਕੇ ਬੰਦਗੀ ਕਰਨਾ ਚਾਹੁੰਦੇ ਹੋ ਜੋ ਮਨੁੱਖਾਂ ਨੇ ਸ਼ੁਰੂ ਕੀਤੀਆਂ ਹਨ?

1. ਸਾਨੂੰ ਕੀ ਨਹੀਂ ਕਰਨਾ ਚਾਹੀਦਾ ਹੈ? [ਪ੍ਰਕਾਸ਼ ਦੀ ਪੋਥੀ 22:18, 19 ਪੜ੍ਹੋ।] ਯਿਸੂ ਨੇ ਉਨ੍ਹਾਂ ਨੂੰ ਸਰਾਪ ਦਿੱਤਾ ਜੋ *ਕੀ* ਕਰਦੇ ਹਨ? [ਖਾਲੀ ਥਾਂ ਵਿਚ ''ਵਧਾਉਣਾ'' ਜਾਂ

''ਘਟਾਉਣਾ'' ਭਰੋ।] ਇਹ ਗੱਲ ਪ੍ਰਕਾਸ਼ ਦੀ ਪੋਥੀ ਦੀ ਕਿਤਾਬ ਲਈ ਕਹੀ ਗਈ ਹੈ। ਇਸ ਨੂੰ ਮੰਨਿਆ ਜਾਣਾ ਚਾਹੀਦਾ ਹੈ। ਸਵਾਲ ਇਹ ਹੈ ਕਿ ਕੀ ਖ਼ੁਦਾ ਪ੍ਰਕਾਸ਼ ਦੀ ਪੋਥੀ ਤੋਂ ਇਲਾਵਾ ਬਾਈਬਲ ਦੀਆਂ ਹੋਰ ਕਿਤਾਬਾਂ ਨੂੰ ਅਹਿਮੀਅਤ ਦਿੰਦਾ ਹੈ ਜਾਂ ਨਹੀਂ? ਕੀ ਖ਼ੁਦਾ ਇਹ ਚਾਹੁੰਦਾ ਹੈ ਕਿ ਅਸੀਂ ਪ੍ਰਕਾਸ਼ ਦੀ ਪੋਥੀ ਦੀ ਕਿਤਾਬ ਵਿਚ ਕੋਈ ਬਦਲਾਅ ਨਾ ਕਰੀਏ, ਪਰ ਬਾਈਬਲ ਦੀਆਂ ਦੂਜੀਆਂ ਕਿਤਾਬਾਂ ਨੂੰ ਬਦਲਣ ਤੇ ਉਸ ਨੂੰ ਕੋਈ ਫ਼ਰਕ ਨਹੀਂ ਪੈਂਦਾ? ਯਕੀਨਨ ਹੀ ਖ਼ੁਦਾ ਬਾਈਬਲ ਦੀਆਂ ਸਭ ਕਿਤਾਬਾਂ ਨੂੰ ਇੱਕੋ ਜਿਹੀ ਅਹਿਮੀਅਤ ਦਿੰਦਾ ਹੈ। ਅਜਿਹਾ ਵਾਅਦਾ ਬਾਈਬਲ ਦੀਆਂ ਬਾਕੀ ਸਿੱਖਿਆਵਾਂ ਨਾਲ ਮੇਲ ਖਾਂਦਾ ਹੈ। (ਵਿਵਸਥਾਸਾਰ 4:2; 12:32; ਕਹਾਉਤਾਂ 30:6)।

2. ਖ਼ੁਦਾ ਅਤੇ ਯਿਸੂ ਨਾਲ ਉਨ੍ਹਾਂ ਦੇ ਸਬੰਧ ਕਿਉਂ ਵਿਗੜਦੇ ਹਨ? [2 ਯੂਹੰਨਾ 9 ਪੜ੍ਹੋ।] ਯਿਸੂ ਅਤੇ ਖ਼ੁਦਾ ਨਾਲ ਸਾਡੇ ਸਬੰਧ ਨੂੰ ਕੌਣ ਪ੍ਰਭਾਵਿਤ ਕਰਦਾ ਹੈ? [ਖਾਲੀ ਥਾਂ ਵਿਚ ''ਅੱਗੇ ਵਧ ਜਾਂਦਾ'', ''ਮਸੀਹ'' ਅਤੇ ''ਖ਼ੁਦਾ'' ਭਰੋ।] ''ਅਪਰਾਧ'' ਦਾ ਅਰਥ ਹੈ ''ਅੱਗੇ ਨਿੱਕਲ ਜਾਣਾ, ਹੱਦਾਂ ਦੀ ਉਲੰਘਣਾ।'' ਅਜਿਹਾ ਕਰਨ ਵਾਲੇ ਲੋਕਾਂ ਕੋਲ ਖ਼ੁਦਾ ਨਹੀਂ ਹੈ।

ਅਧਿਐਨ ਸ਼ੀਟ ਦੇ ਪਿੱਛੇ ਬਣੇ ਚਿੱਤਰ ਤੇ ਧਿਆਨ ਦਿਓ। ਯਿਸੂ ਨੇ ਸਾਰੀ ਸਚਿਆਈ ਦੇ ਦਿੱਤੀ ਹੈ। ਜੋ ਲੋਕ ਉਸ ਦੀ ਸਿੱਖਿਆ ਤੋਂ ਬਾਹਰ ਜਾਂਦੇ ਹਨ ਭਾਵ ਚੱਕਰ ਤੋਂ ਬਾਹਰ ਜਾਂਦੇ ਹਨ [ਚੱਕਰ ਦੇ ਅੰਦਰੋਂ ਬਾਹਰ ਵੱਲ ਇਕ ਤੀਰ ਖਿੱਚੋ। ਵੇਖੋ ਸਫ਼ਾ 179।], ਉਹ ਯਿਸੂ ਦੀ ਸਿੱਖਿਆ ਨੂੰ ਛੱਡ ਕੇ ਮਨੁੱਖਾਂ ਦੀ ਸਿੱਖਿਆ ਵਿਚ ਜਾ ਰਹੇ ਹਨ। ਜੋ ਲੋਕ ਇਸ ਤਰ੍ਹਾਂ ਕਰਦੇ ਹਨ ਉਨ੍ਹਾਂ ਵਿਚ ਪਿਤਾ ਨਹੀਂ ਹੈ। ਜੋ ਲੋਕ ਯਿਸੂ ਦੀ ਸਿੱਖਿਆ ਵਿਚ ਬਣੇ ਰਹਿੰਦੇ ਹਨ ਉਨ੍ਹਾਂ ਕੋਲ ਪਿਤਾ ਵੀ ਹੈ, ਅਤੇ ਪੁੱਤਰ ਵੀ।

ਅਸੀਂ ਇਸ ਭਾਗ ਵਿਚ ਸਿੱਖਿਆ ਹੈ ਕਿ ਸਾਨੂੰ ਯਿਸੂ ਦੀ ਸਿੱਖਿਆ ਵਿਚ ਬਣੇ ਰਹਿਣਾ ਚਾਹੀਦਾ ਹੈ। ਉਸ ਦੀ ਸਿੱਖਿਆ ਵਿਚ ਕੁਝ ਵਧਾਉਣ ਜਾਂ ਉਸ ਵਿੱਚੋਂ ਕੁਝ ਘਟਾਉਣ ਦਾ ਅਖ਼ਤਿਆਰ ਸਾਨੂੰ ਨਹੀਂ ਹੈ।

ਹੁਣ ਭਾਗ III ਵਿਚ ਜਾਓ ਅਤੇ ''ਮਸੀਹ ਦੀ'' ਅਤੇ ''ਮਨੁੱਖਾਂ ਦੀ'' ਹੇਠਾਂ ਦਿੱਤੀਆਂ ਗਈਆਂ ਗੱਲਾਂ ਬਾਰੇ ਪੁੱਛੋ। ਜੇ ਕੋਈ ਯਿਸੂ ਦੇ ਨਾਂਅ 'ਚ ਦੁਆ ਕਰਦਾ ਹੈ, ਜੇ ਕੋਈ ਆਪਣੀ ਆਮਦਨੀ ਅਨੁਸਾਰ ਚੰਦਾ ਦਿੰਦਾ ਹੈ, ਜੇ ਕੋਈ ਹਫ਼ਤੇ ਦੇ ਪਹਿਲੇ ਦਿਨ ਪ੍ਰਭੂ ਭੋਜ ਵਿਚ ਹਿੱਸਾ ਲੈਂਦਾ ਹੈ, ਜੇ ਉਹ ਗਾਉਂਦਾ ਹੈ, ਅਤੇ ਜੇ ਉਹ ਸਿਖਾਉਂਦਾ ਹੈ, ਤਾਂ ਕੀ ਉਹ ਯਿਸੂ ਦੀ ਸਿੱਖਿਆ ਵਿਚ ਕੁਝ ਵਧਾ ਰਿਹਾ ਹੈ? ਕੀ ਉਹ ਯਿਸੂ ਦੀ ਸਿੱਖਿਆ ਵਿੱਚੋਂ ਕੁਝ ਘਟਾ ਰਿਹਾ ਹੈ?

ਜੇ ਕੋਈ ਮਰੀਅਮ ਅੱਗੇ ਦੁਆ ਕਰਦਾ ਹੈ ਤਾਂ ਭਲਾ ਉਹ ਵਚਨ ਵਿਚ ਕੁਝ ਵਧਾ ਰਿਹਾ ਹੈ? ਭਲਾ ਉਹ ਉਸ ਵਿੱਚੋਂ ਕੁਝ ਘਟਾ ਰਿਹਾ ਹੈ? ਉਹ ਵਧਾ ਰਿਹਾ ਹੈ, ਅਤੇ ਜੇ ਉਹ ਯਿਸੂ ਦੇ ਨਾਂਅ ਵਿਚ ਦੁਆ ਨਹੀਂ ਕਰਦਾ ਤਾਂ ਘਟਾ ਰਿਹਾ ਹੈ। ਜੇ ਕੋਈ ਦੁਆ ਕਰਨ ਲਈ ਧੂਫ਼ ਦੀ ਵਰਤੋਂ ਕਰਦਾ ਹੈ, ਤਾਂ ਉਹ ਵਚਨ ਵਿਚ ਵਧਾ ਰਿਹਾ ਹੈ।

ਜੇ ਕੋਈ ਜੂਆ ਖਿਡਾਵੇ, ਬੇਕਰੀ ਦਾ ਸਮਾਨ ਵੇਚੇ, ਪੁਰਾਣੀਆਂ ਚੀਜ਼ਾਂ ਵੇਚੇ ਤਾਂ ਭਲਾ ਜੋੜ ਰਿਹਾ ਹੈ? ਭਲਾ ਉਹ ਕੁਝ ਕੱਢ ਰਿਹਾ ਹੈ? ਇਹ ਸਭ ਕਰ ਕੇ ਉਹ ਜੋੜ ਰਿਹਾ ਹੈ, ਅਤੇ ਇਨ੍ਹਾਂ ਦੀ ਵਰਤੋਂ ਕਰਕੇ ਉਹ ਜੋ ਉਸ ਨੇ ਲਿਆ ਹੈ, ਦਿੰਦਾ ਨਹੀਂ ਹੈ।

ਜੇ ਕੋਈ ਪ੍ਰਭੂ ਭੋਜ ਵਿਚ ਸਿਰਫ਼ ਰੋਟੀ ਹੀ ਲੈਂਦਾ ਹੈ ਤਾਂ ਭਲਾ ਉਸ ਨੇ ਕੁਝ ਘਟਾਇਆ ਹੈ? ਜੇ ਉਹ ਅੰਗੂਰਾਂ ਦੇ ਰਸ ਦੀ ਥਾਂ ਪਾਣੀ ਵਰਤਦਾ ਹੈ, ਤਾਂ ਭਲਾ ਉਸ ਨੇ ਵਚਨ ਵਿਚ ਕੁਝ ਵਧਾਇਆ ਹੈ ਜਾਂ ਉਸ ਵਿੱਚੋ ਕੁਝ ਘਟਾਇਆ ਹੈ। ਹਫ਼ਤੇ ਦੇ ਪਹਿਲੇ ਦਿਨ ਪ੍ਰਭੂ ਭੋਜ ਨਾ ਖਾਣ

ਦਾ ਅਰਥ ਲਿਖੇ ਹੋਏ ਵਿੱਚੋਂ ਘਟਾਉਣਾ ਹੈ। ਜੇ ਕੋਈ ਸੇਬਾਂ ਦਾ ਰਸ ਜਾਂ ਪ੍ਰਭੂ ਭੋਜ ਦੀ ਰੋਟੀ ਤੇ ਮੱਖਣ ਆਦਿ ਦੀ ਵਰਤੋਂ ਕਰਦਾ ਹੈ ਤਾਂ ਉਹ ਵਚਨ ਦੀ ਸਿੱਖਿਆ ਵਿਚ ਵਧਾ ਰਿਹਾ ਹੈ ਜਾਂ ਉਸ ਵਿੱਚੋਂ ਘਟਾ ਰਿਹਾ ਹੈ। ਇਹੋ ਜਿਹੀ ਗੱਲ ਨੂੰ ਕਬੂਲ ਨਹੀਂ ਕਰਨਾ ਚਾਹੀਦਾ।

ਜੇ ਕੋਈ ਗਉਣ ਵਿਚ ਸਾਜ਼ਾਂ ਦੀ ਵਰਤੋਂ ਕਰਦਾ ਹੈ ਤਾਂ ਉਹ ਪ੍ਰਭੂ ਦੀ ਬੰਦਗੀ ਵਿਚ ਵਧਾ ਰਿਹਾ ਹੈ। ਜੇ ਗਾਉਣ ਦੀ ਥਾਂ ਸਾਜ਼ਾਂ ਦੀ ਵਰਤੋਂ ਹੋ ਰਹੀ ਹੈ ਤਾਂ ਇਸ ਦਾ ਇਹ ਅਰਥ ਹੈ ਕਿ ਵਚਨ ਵਿਚ ਵਧਾਇਆ ਗਿਆ ਹੈ।

ਜੇ ਸਿੱਖਿਆ ਦੀ ਥਾਂ ਰਿਸ਼ਵਤ, ਤਾਕਤ, ਜਾਂ ਮਨ ਪਰਚਾਵੇ ਦੀ ਵਰਤੋਂ ਹੋ ਰਹੀ ਹੈ ਤਾਂ ਇਹਦਾ ਮਤਲਬ ਹੈ ਕਿ ਕਿਸੇ ਨੇ ਵਚਨ ਵਿਚ ਜੋੜਿਆ ਅਤੇ ਕੱਢ ਲਿਆ ਹੈ। ਜੇ ਕੋਈ ਇਹ ਗੱਲਾਂ ਕਰਦਾ ਅਤੇ ਸਿਖਾਉਂਦਾ ਹੈ, ਤਾਂ ਉਸ ਨੇ ਜੋੜਿਆ ਹੈ।

ਯਿਸੂ ਕਲੀਸੀਆ ਦਾ ਸਿਰ ਹੈ। ਪੂਰੀ ਬੰਦਗੀ ਉਵੇਂ ਹੀ ਹੋਣੀ ਚਾਹੀਦੀ ਹੈ ਜਿਵੇਂ ਨਵੇਂ ਨੇਮ ਵਿਚ ਦੱਸਿਆ ਗਿਆ ਹੈ ਜੋ ਉਸ ਦਾ ਵਚਨ ਹੈ।

**ਸਾਰ**

ਇਸ ਪਾਠ ਵਿਚ ਅਸੀਂ ਉਨ੍ਹਾਂ ਨਿਅਮਾਂ ਤੇ ਵਿਚਾਰ ਕੀਤਾ ਹੈ ਜੋ ਖ਼ੁਦਾ ਦੀ ਬੰਦਗੀ ਕਰਨ ਲਈ ਸਾਡੀ ਅਗਵਾਈ ਲਈ ਧਿਆਨ ਰੱਖਣੇ ਜ਼ਰੂਰੀ ਹਨ। ਖ਼ੁਦਾ ਦੀ ਬੰਦਗੀ ਕਰਦਿਆਂ ਸਾਨੂੰ ਤੈਅ ਕਰਨਾ ਚਾਹੀਦਾ ਹੈ ਕਿ ਸਾਨੂੰ ਉਸ ਨੂੰ ਕਬੂਲੇ ਬੰਦਗੀ ਕਰਨ ਲਈ ਕੀ ਕਰਨਾ ਜ਼ਰੂਰੀ ਹੈ।

I. *ਕੀ ਅਸੀਂ ਬੰਦਗੀ ਵਿਚ ਉਹੋ ਕੁਝ ਕਰਦੇ ਹਾਂ ਜੋ ਖ਼ੁਦਾ ਚਾਹੁੰਦਾ ਹੈ?* ਖ਼ੁਦਾ ਅਜਿਹੀ ਬੰਦਗੀ ਚਾਹੁੰਦਾ ਹੈ ਜੋ ਆਤਮਾ ਅਤੇ ਸਚਿਆਈ ਨਾਲ ਹੋਵੇ। ਸਾਰੀ ਸਚਿਆਈ ਯਿਸੂ ਦੇ ਰਾਹੀਂ ਜ਼ਾਹਿਰ ਕੀਤੀ ਗਈ ਹੈ। ਸਾਡੇ ਲਈ ਯਿਸੂ ਦੇ ਸਭ ਹੁਕਮਾਂ ਨੂੰ ਮੰਨਣਾ ਜ਼ਰੂਰੀ ਹੈ।

II. *ਕੀ ਤੁਸੀਂ ਉਨ੍ਹਾਂ ਚੀਜ਼ਾਂ ਦੀ ਵਰਤੋਂ ਕਰਦੇ ਹੋ ਜਿਨ੍ਹਾਂ ਨੂੰ ਖ਼ੁਦਾ ਠੁਕਰਾਉਂਦਾ ਹੈ?* ਖ਼ੁਦਾ ਮਨੁੱਖਾਂ ਦੀਆਂ ਰੀਤਾਂ ਅਤੇ ਹੁਕਮਾਂ ਨੂੰ ਕਬੂਲ ਨਹੀਂ ਕਰਦਾ। ਉਹ ਸਿਰਫ਼ ਉਹੀ ਕਬੂਲ ਕਰਦਾ ਹੈ ਜੋ ਯਿਸੂ ਨੇ ਸਿਖਾਇਆ ਹੈ। ਜੇ ਅਸੀਂ ਮਨੁੱਖਾਂ ਦੀ ਸਿੱਖਿਆ ਅਨੁਸਾਰ ਖ਼ੁਦਾ ਦੀ ਬੰਦਗੀ ਕਰਨਾ ਚਾਹੁੰਦੇ ਹਾਂ ਤਾਂ ਸਾਡੀ ਬੰਦਗੀ ਫ਼ਜ਼ੂਲ ਹੈ।

III. *ਤੁਸੀਂ ਮਸੀਹ ਦੀਆਂ ਗੱਲਾਂ ਅਨੁਸਾਰ ਕਰਦੇ ਹੋ ਜਾਂ ਮਨੁੱਖਾਂ ਦੀਆਂ ਸਿੱਖਿਆ ਅਨੁਸਾਰ?* ਅਸੀਂ ਸਿੱਖਿਆ ਹੈ ਕਿ ਯਿਸੂ ਚਾਹੁੰਦਾ ਹੈ ਕਿ ਅਸੀਂ ਦੁਆ ਕਰੀਏ, ਚੰਦਾ ਦਈਏ, ਹਰ ਹਫ਼ਤੇ ਪ੍ਰਭੂ ਭੋਜ ਲਈਏ, ਗਾਈਏ ਅਤੇ ਸਿਖਾਈਏ। ਮਨੁੱਖਾਂ ਨੇ ਇਨ੍ਹਾਂ ਗੱਲਾਂ ਨਾਲ ਜੁੜੀਆਂ ਕਈ ਹੋਰ ਰੀਤਾਂ ਰਲਾ ਦਿੱਤੀਆਂ ਹਨ ਅਤੇ ਜੋ ਯਿਸੂ ਨੇ ਕਿਹਾ ਸੀ ਉਸ ਨੂੰ ਬਦਲ ਦਿੱਤਾ ਹੈ।

IV. *ਕੀ ਤੁਸੀਂ ਉਸ ਦੇ ਵਚਨ ਵਿਚ ਕੁਝ ਵਧਾਇਆ ਜਾਂ ਉਸ ਵਿੱਚੋਂ ਕੁਝ ਘਟਾਇਆ ਹੈ?* ਬਾਈਬਲ ਸਿਖਾਉਂਦੀ ਹੈ ਕਿ ਸਾਨੂੰ ਨਾ ਤਾਂ ਉਸ ਵਿਚ ਕੁਝ ਵਧਾਉਣਾ ਚਾਹੀਦਾ ਹੈ ਅਤੇ ਨਾ ਉਸ ਵਿੱਚੋਂ ਕੁਝ ਘਟਾਉਣਾ ਚਾਹੀਦਾ ਹੈ। ਮਨੁੱਖਾਂ ਨੇ ਯਿਸੂ ਵੱਲੋਂ ਦਿੱਤੇ ਗਏ ਹੁਕਮਾਂ ਵਿਚ ਕਈ ਗੱਲਾਂ ਜੋੜ ਦਿੱਤੀਆਂ ਅਤੇ ਕਈ ਉ ਵਿੱਚੋਂ ਘਟਾ ਦਿੱਤੀਆਂ ਹਨ। ਖ਼ੁਦਾ ਅਤੇ ਮਸੀਹ ਨੂੰ ਨਾਲ ਰੱਖਣ ਲਈ ਸਾਨੂੰ ਮਨੁੱਖਾਂ ਦੇ ਬਣਾਏ ਉਨ੍ਹਾਂ ਬਦਲਾਂ ਨੂੰ ਨਹੀਂ ਮੰਨਣਾ ਚਾਹੀਦਾ।

ਸ਼ਰ੍ਹਾ ਦੇਣ ਵਾਲਾ ਯਿਸੂ ਹੀ ਹੈ (ਯਾਕੂਬ 4:12)। ਮਨੁੱਖ ਨੂੰ ਰਵਾਇਤਾਂ ਬਣਾਉਣ ਅਤੇ ਨਿਅਮ ਬਣਾਉਣ ਦਾ ਕੋਈ ਅਖ਼ਤਿਆਰ ਨਹੀਂ ਹੈ। ਸਿਰਫ਼ ਯਿਸੂ ਨੂੰ ਹੀ ਉਹ ਅਖ਼ਤਿਆਰ ਹੈ।

*[ਅਗਲੇ ਅਧਿਐਨ ਲਈ ਸਮਾਂ ਤੈਅ ਕਰ ਲਓ।]*